ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/19489582124531/

YouTube https://youtu.be/LQwolgxDu7I

awazeqaumtvpunjab@gmail.com

ਵੀਰਵਾਰ, 10 ਅਕਤੂਬਰ 2024 (ਨਾਨਕਸ਼ਾਹੀ ਸੰਮਤ : ੫੫੬, ੨੫ ਅੱਸੂ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243





## ਰਤਨ ਟਾਟਾ ਦੀ ਹਾਲਤ ਗੰਭੀਰ, ਹਸਪਤਾਲ 'ਚ ਕਰਵਾਇਆ ਗਿਆ ਦਾਖ਼ਲ



**ਨਵੀਂ ਦਿੱਲੀ, 9 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਭਾਰਤ ਦੀ ਸਭ ਤੋਂ ਵੱਡੀ ਕੰਪਨੀ ਟਾਟਾ ਸੰਨਜ਼ ਦੇ ਚੇਅਰਮੈਨ ਰਤਨ ਟਾਟਾ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ ਅਤੇ ਉਨ੍ਹਾਂ ਨੂੰ ਮੁੰਬਈ ਦੇ ਇਕ ਹਸਪਤਾਲ ਦੇ ਇੰਟੈਂਸਿਵ ਕੇਅਰ ਯੂਨਿਟ 'ਚ ਦਾਖ਼ਲ ਕਰਵਾਇਆ ਗਿਆ ਹੈ। ਸੂਤਰਾਂ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਰਤਨ ਟਾਟਾ (86) ਨੇ ਸੋਮਵਾਰ ਨੂੰ ਕਿਹਾ ਕਿ ਉਹ ਆਪਣੀ ਉਮਰ ਅਤੇ ਸਬੰਧਿਤ ਡਾਕਟਰੀ ਸਥਿਤੀਆਂ ਕਾਰਨ ਨਿਯਮਤ ਮੈਡੀਕਲ ਜਾਂਚ ਕਰਵਾ ਰਹੇ ਹਨ। ਟਾਟਾ ਦੇ ਇਕ ਪ੍ਰਤੀਨਿਧੀ ਨੇ ਬੁੱਧਵਾਰ ਨੂੰ ਉਨ੍ਹਾਂ ਦੀ ਸਥਿਤੀ ਬਾਰੇ ਜਾਣਕਾਰੀ ਲਈ ਬੇਨਤੀ ਦਾ ਤੁਰੰਤ ਜਵਾਬ ਨਹੀਂ ਦਿੱਤਾ।

## ਪੰਜਾਬ ਪੁਲਿਸ ਨੇ ਅੰਮ੍ਰਿਤਸਰ 'ਚ

# ਨਾਰਕੋਟਿਕ ਨੈੱਟਵਰਕ ਦਾ ਕੀਤਾ ਪਰਦਾਫਾਸ਼

**ਅੰਮ੍ਰਿਤਸਰ, 9 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਨਸ਼ਿਆਂ ਵਿਰੁੱਧ ਚੱਲ ਰਹੀ ਜੰਗ ਦੌਰਾਨ ਸਰਹੱਦ ਪਾਰ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਨੈੱਟਵਰਕਾਂ ਵਿਰੁੱਧ ਇੱਕ ਵੱਡੀ ਸਫਲਤਾ ਹਾਸਲ ਕਰਦੇ ਹੋਏ, ਅੰਮ੍ਰਿਤਸਰ, ਕਮਿਸ਼ਨਰੇਟ ਪੁਲਿਸ ਨੇ ਤਿੰਨ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 5 ਕਿਲੋ ਹੈਰੋਇਨ ਅਤੇ 3.95 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਫੜੇ ਗਏ ਵਿਅਕਤੀਆਂ ਦੀ ਪਛਾਣ ਗੁਰਪ੍ਰੀਤ ਸਿੰਘ ਵਾਸੀ ਪਿੰਡ ਰੋੜਾਂਵਾਲੀ ਜ਼ਿਲ੍ਹਾ ਅੰਮ੍ਰਿਤਸਰ, ਹਰਪ੍ਰੀਤ ਸਿੰਘ ਉਰਫ ਹੈਪੀ ਵਾਸੀ ਪਿੰਡ ਰੋੜਾਂਵਾਲੀ, ਅੰਮ੍ਰਿਤਸਰ ਅਤੇ ਜੋਤਾ ਸਿੰਘ ਵਾਸੀਪਿੰਡ ਚੜਤੇਵਾਲੀ, ਅਜਨਾਲਾ, ਅੰਮ੍ਰਿਤਸਰ ਦੇ ਵਜੋਂ ਹੋਈ ਹੈ।



ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਮੁਲਜ਼ਮ ਜੋਤਾ ਸਿੰਘ ਅਤੇ ਹਰਪ੍ਰੀਤ ਸਿੰਘ ਉਰਫ਼ ਹੈਪੀ ਪਾਕਿਸਤਾਨ ਸਥਿਤ ਨਸ਼ਾ ਤਸਕਰਾਂ ਦੇ ਸਿੱਧੇ ਸੰਪਰਕ ਵਿੱਚ ਸਨ, ਜੋ ਸਰਹੱਦ ਪਾਰੋਂ ਨਸ਼ਿਆਂ ਦੀ ਢੋਆ-ਢੁਆਈ ਲਈ ਡਰੋਨ ਦੀ ਵਰਤੋਂ ਕਰ ਰਹੇ ਸਨ। ਡੀਜੀਪੀ ਨੇ ਕਿਹਾ ਕਿ ਟੈਕਨੀਕਲ ਤਰੀਕੇ ਨਾਲ ਮਿਲੀ ਲੀਡ ਤੇ ਪ੍ਰੋਫੈਸ਼ਨਲ ਇਨਵੈਸਟੀਗੇਸ਼ਨ ਕੀਤੀ ਗਈ ਸੀ ਅਤੇ ਐਨਡੀਪੀਐਸ ਐਕਟ ਦੇ ਤਹਿਤ ਇੱਕ ਐਫਆਈਆਰ ਦਰਜ ਕੀਤੀ ਗਈ। ਮਾਮਲੇ ਵਿੱਚ ਪਿਛੜੇ ਅਤੇ ਅਗਾਂਹਵਧੂ ਸਬੰਧ ਸਥਾਪਤ ਕਰਨ ਲਈ ਜਾਂਚ ਜਾਰੀ ਹੈ। ਆਪ੍ਰੇਸ਼ਨ ਦੇ ਵੇਰਵੇ ਸਾਂਝੇ ਕਰਦਿਆਂ ਪੁਲਿਸ ਕਮਿਸ਼ਨਰ (ਸੀ.ਪੀ.) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਪੁਲਿਸ ਥਾਣਾ ਛੇਹਰਟਾ ਦੀਆਂ ਟੀਮਾਂ ਨੂੰ ਭਰੋਸੇਯੋਗ ਸੂਚਨਾ ਮਿਲੀ ਸੀ ਕਿ ਕੁਝ ਵਿਅਕਤੀਆਂ ਨੇ ਸਰਹੱਦ ਪਾਰ ਤੋਂ ਡਰੋਨ ਦੀ ਵਰਤੋਂ ਕਰਕੇ ਸੁੱਟੇ ਗਏ ਨਸ਼ੀਲੇ ਪਦਾਰਥਾਂ ਦੀ ਇੱਕ ਵੱਡੀ ਖੇਪ ਬਰਾਮਦ ਕੀਤੀ ਹੈ ਅਤੇ ਇਸ ਨੂੰ ਆਪਣੇ ਘਰ, ਨਿਊ ਅਜਨਾਲਾ ਕਲੋਨੀ ਵਿੱਚ ਛੁਪਾ ਦਿੱਤਾ ਹੈ। ਤੇਜ਼ੀ ਨਾਲ ਕਾਰਵਾਈ ਕਰਦੇ ਹੋਏ ਡੀਸੀਪੀ ਸਿਟੀ ਅੰਮ੍ਰਿਤਸਰ ਅਭਿਮਨਿਊ ਰਾਣਾ ਅਤੇ ਏਸੀਪੀ ਵੈਸਟ ਸ਼ਿਵਦਰਸ਼ਨ ਸਿੰਘ ਦੀ ਅਗਵਾਈ ਵਿੱਚ ਥਾਣਾ ਛੇਹਰਟਾ ਅੰਮ੍ਰਿਤਸਰ ਦੀ ਪੁਲੀਸ ਟੀਮ ਨੇ ਜਾਲ ਵਿਛਾ ਕੇ ਮੁਲਜ਼ਮਾਂ ਨੂੰ ਅਜਨਾਲਾ ਦੀ ਨਿਊ ਅਜਨਾਲਾ ਕਲੋਨੀ ਵਿੱਚ ਸਥਿਤ ਇੱਕ ਘਰ ਵਿੱਚੋਂ ਗ੍ਰਿਫ਼ਤਾਰ ਕਰ ਲਿਆ।

ਉਨ੍ਹਾਂ ਦੱਸਿਆ ਕਿ ਹੈਰੋਇਨ ਅਤੇ ਡਰੱਗ ਮਨੀ ਬਰਾਮਦ ਕਰਨ ਤੋਂ ਇਲਾਵਾ ਪੁਲਿਸ ਟੀਮਾਂ ਨੇ ਉਨ੍ਹਾਂ ਦੀ ਮਾਰੂਤੀ ਸਵਿਫਟ ਕਾਰ ਅਤੇ ਇੱਕ ਮੋਟਰਸਾਈਕਲ ਵੀ ਜ਼ਬਤ ਕੀਤਾ ਹੈ।

## ਕੇ.ਏ.ਪੀ ਸਿਨ੍ਹਾਂ ਹੋਣਗੇ ਪੰਜਾਬ ਦੇ ਨਵੇਂ ਮੁੱਖ ਸਕੱਤਰ, ਅਨੁਰਾਗ ਵਰਮਾ ਦੀ ਲੈਣਗੇ ਥਾਂ

**ਚੰਡੀਗੜ੍ਹ, 9 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਸਰਕਾਰ ਨੇ ਵੱਡਾ ਪ੍ਰਸ਼ਾਸਨਿਕ ਫੇਰਬਦਲ ਕੀਤਾ ਹੈ। ਸੀਨੀਅਰ ਆਈਏਐਸ ਅਧਿਕਾਰੀ ਕੇਏਪੀ ਸਿਨਹਾ ਨੂੰ ਪੰਜਾਬ ਦਾ ਨਵਾਂ ਮੁੱਖ ਸਕੱਤਰ ਨਿਯੁਕਤ ਕੀਤਾ ਗਿਆ ਹੈ। ਕੇਏਪੀ ਸਿਨਹਾ ਅਨੁਰਾਗ ਵਰਮਾ ਦੀ ਥਾਂ ਲੈਣਗੇ। ਪੰਜਾਬ ਸਰਕਾਰ ਵੱਲੋਂ ਅਨੁਰਾਗ ਵਰਮਾ ਨੂੰ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ। ਇਸ ਸਬੰਧੀ ਹੁਕਮ ਤੁਰੰਤ ਪ੍ਰਭਾਵ ਨਾਲ ਜਾਰੀ ਕਰ ਦਿੱਤੇ ਗਏ ਹਨ। ਪੰਜਾਬ ਸਰਕਾਰ ਵਲੋਂ ਜਾਰੀ ਕੀਤੇ ਗਏ ਪੱਤਰ ਅਨੁਸਾਰ 1992 ਬੈਚ ਦੇ ਆਈ.ਏ.ਐਸ. ਅਧਿਕਾਰੀ ਕੇ.ਏ.ਪੀ. ਸਿਨ੍ਹਾਂ ਨੂੰ ਪੰਜਾਬ ਦਾ ਨਵਾਂ ਮੁੱਖ ਸਕੱਤਰ ਨਿਯੁਕਤ ਕੀਤਾ ਗਿਆ ਹੈ ਲੰਬੇ ਸਮੇਂ ਤੋਂ ਇਹ ਚਰਚਾ ਚੱਲ ਰਹੀ ਸੀ ਕਿ ਪੰਜਾਬ ਦੇ ਮੁੱਖ ਮੰਤਰੀ ਦਫ਼ਤਰ ਵਿੱਚ ਵੱਡੇ ਫੇਰਬਦਲ ਕੀਤੇ ਜਾ ਸਕਦੇ ਹਨ। ਅਨੁਰਾਗ ਵਰਮਾ ਨੂੰ ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ, ਖੇਤੀਬਾੜੀ ਅਤੇ ਕਿਸਾਨ ਭਲਾਈ, ਬਾਗਬਾਨੀ ਅਤੇ ਭੂਮੀ ਅਤੇ ਜਲ ਸੰਭਾਲ ਦਾ ਵਧੀਕ ਮੁੱਖ ਸਕੱਤਰ ਨਿਯੁਕਤ ਕੀਤਾ ਗਿਆ ਹੈ। ਅਨੁਰਾਗ ਵਰਮਾ ਨੇ 1 ਜੁਲਾਈ 2023 ਨੂੰ ਮੁੱਖ ਸਕੱਤਰ ਦੇ ਅਹੁਦੇ ਦੀ ਜ਼ਿੰਮੇਵਾਰੀ ਸੰਭਾਲੀ ਸੀ।



## 'ਰਾਅ ਦਾ ਜਾਸੂਸ ਹੈ ਇਹ', ਪਾਕਿਸਤਾਨ ਨੇ ਕਰਾਚੀ ਤੋਂ ਮੁਹੰਮਦ ਸਲੀਮ ਨੂੰ ਗ੍ਰਿਫਤਾਰ ਕਰਨ ਤੋਂ ਬਾਅਦ ਕੀਤਾ ਦਾਅਵਾ, ਭਾਰਤ ਦੇ ਖਿਲਾਫ ਕਰ ਸਕਦਾ ਕੇਸ !

**ਕਰਾਚੀ, 9 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਪਾਕਿਸਤਾਨੀ ਅਧਿਕਾਰੀਆਂ ਨੇ ਸੋਮਵਾਰ (07 ਅਕਤੂਬਰ) ਨੂੰ ਦਾਅਵਾ ਕੀਤਾ ਕਿ ਉਨ੍ਹਾਂ ਨੇ ਭਾਰਤੀ ਖੁਫੀਆ ਏਜੰਸੀ ਰਿਸਰਚ ਐਂਡ ਐਨਾਲਿਸਿਸ ਵਿੰਗ (ਰਾਅ) ਦੇ ਇੱਕ ਜਾਸੂਸ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਉਸ ਕੋਲੋਂ ਹੈਂਡ ਗ੍ਰਨੇਡ ਸਮੇਤ ਹਥਿਆਰ ਬਰਾਮਦ ਕੀਤੇ ਹਨ। ਉਸ ਦਾ ਕਹਿਣਾ ਹੈ ਕਿ ਜਿਸ ਜਾਸੂਸ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਉਹ ਰਾਅ ਲਈ ਜਾਣਕਾਰੀ ਇਕੱਠੀ ਕਰਕੇ ਭੇਜਣ ਦਾ ਕੰਮ ਕਰਦਾ ਸੀ। ਦਰਅਸਲ, ਪਾਕਿਸਤਾਨ ਸਪੈਸ਼ਲ ਇਨਵੈਸਟੀਗੇਸ਼ਨ ਯੂਨਿਟ ਨੇ ਮਾਰੀਪੁਰ ਵਿੱਚ ਛਾਪੇਮਾਰੀ ਦੌਰਾਨ ਕਰਾਚੀ ਵਿੱਚ ਮੁਹੰਮਦ ਸਲੀਮ ਨਾਮ ਦੇ ਇੱਕ ਵਿਅਕਤੀ ਨੂੰ ਰਾਅ ਦਾ ਏਜੰਟ ਹੋਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਹੈ। ਪਾਕਿਸਤਾਨ ਦਾ ਦੋਸ਼ ਹੈ ਕਿ ਉਸ ਨੇ ਭਾਰਤ ਅਤੇ ਨੇਪਾਲ ਦੇ ਕਈ ਦੌਰੇ ਕੀਤੇ ਹਨ। ਪਾਕਿਸਤਾਨ ਆਉਣ ਵਾਲੇ ਦਿਨਾਂ 'ਚ ਇਸ ਗ੍ਰਿਫਤਾਰੀ ਦੇ ਆਧਾਰ 'ਤੇ ਭਾਰਤ 'ਤੇ ਮਾਮਲਾ ਦਰਜ ਕਰਨ ਦੀ ਕੋਸ਼ਿਸ਼ ਕਰ ਸਕਦਾ ਹੈ। ਪੁਲਿਸ ਦੇ ਸੀਨੀਅਰ ਸੁਪਰਡੈਂਟ ਸ਼ੋਏਬ ਮੇਮਨ ਨੇ ਪੁਸ਼ਟੀ ਕੀਤੀ ਕਿ ਦੋਸ਼ੀ ਦੀ ਪਛਾਣ ਮੁਹੰਮਦ ਸਲੀਮ ਵਜੋਂ ਹੋਈ ਹੈ, ਜੋ ਭਾਰਤੀ ਖੁਫ਼ੀਆ ਏਜੰਸੀ ਰਾਅ ਨਾਲ ਜੁੜਿਆ ਹੋਇਆ ਹੈ ਅਤੇ ਉਸ ਨੂੰ ਕਰਾਚੀ ਦੇ ਮਨੋਰਾ ਰੋਡ 'ਤੇ ਮਛਲੀ ਚੌਰੰਘੀ ਨੇੜੇ ਫੜਿਆ ਗਿਆ ਸੀ। ਅਧਿਕਾਰੀਆਂ ਨੇ ਸਲੀਮ ਕੋਲੋਂ ਇੱਕ ਹੈਂਡ ਗ੍ਰਨੇਡ, ਇੱਕ ਬੰਬ, ਇੱਕ ਲਾਂਚਰ ਅਤੇ ਇੱਕ ਪਿਸਤੌਲ ਦੇ ਨਾਲ-ਨਾਲ ਕਈ ਵਿਭਾਗਾਂ ਦੇ ਸਰਵਿਸ ਕਾਰਡ ਵੀ ਬਰਾਮਦ ਕੀਤੇ ਹਨ। ਐਸਐਸਪੀ ਮੇਮਨ ਨੇ ਕਿਹਾ, "ਸ਼ੱਕੀ ਕੋਲ ਸੁਰੱਖਿਆ ਏਜੰਸੀਆਂ ਤੋਂ ਬਚਣ ਲਈ ਵੱਖ-ਵੱਖ ਉਪਨਾਮਾਂ ਹੇਠ ਕਈ ਪਾਸਪੋਰਟ ਅਤੇ ਪਛਾਣ ਪੱਤਰ ਸਨ। ਇਸ ਤੋਂ ਇਲਾਵਾ ਉਸ ਕੋਲੋਂ ਮਨੋਰਾ ਅਤੇ ਚਾਈਨਾਪੋਰਟ ਦੇ ਨਕਸ਼ੇ ਵੀ ਮਿਲੇ ਹਨ।" ਐਸਐਸਪੀ ਮੇਮਨ ਨੇ ਖੁਲਾਸਾ ਕੀਤਾ ਕਿ ਮੁਲਜ਼ਮਾਂ ਨੇ ਸੁਰੱਖਿਆ ਏਜੰਸੀਆਂ ਨੂੰ ਧੋਖਾ ਦੇਣ ਲਈ ਵੱਖ-ਵੱਖ ਨਾਵਾਂ 'ਤੇ ਪਾਸਪੋਰਟ ਅਤੇ ਸ਼ਨਾਖਤੀ ਕਾਰਡ ਬਣਾਏ ਹੋਏ ਸਨ, ਇਸ ਦੌਰਾਨ ਗ੍ਰਿਫ਼ਤਾਰ ਏਜੰਟ ਦੇ ਕਬਜ਼ੇ ਵਿੱਚੋਂ ਮਨੋਰਾ ਅਤੇ ਚਾਈਨਾਪੋਰਟ ਦੇ ਨਕਸ਼ੇ ਵੀ ਬਰਾਮਦ ਕੀਤੇ ਗਏ ਹਨ। ਬਰਾਮਦ ਕੀਤੇ ਗਏ ਪਾਸਪੋਰਟ ਤੋਂ ਪਤਾ ਲੱਗਾ ਹੈ ਕਿ ਸਲੀਮ ਕਈ ਮੌਕਿਆਂ 'ਤੇ ਨੇਪਾਲ ਰਾਹੀਂ ਪਾਕਿਸਤਾਨ ਅਤੇ ਭਾਰਤ ਵਿਚਾਲੇ ਯਾਤਰਾ ਕਰ ਚੁੱਕਾ ਹੈ। ਗੈਰ-ਕਾਨੂੰਨੀ ਹਥਿਆਰਾਂ ਅਤੇ ਹੋਰ ਪਾਕਿਸਤਾਨ ਵਿਰੋਧੀ ਸਬੂਤਾਂ ਦੀ ਬਰਾਮਦਗੀ ਤੋਂ ਬਾਅਦ ਗ੍ਰਿਫ਼ਤਾਰ ਕੀਤੇ ਜਾਸੂਸ ਖਿਲਾਫ ਕੁੱਲ ਤਿੰਨ ਕੇਸ ਦਰਜ ਕੀਤੇ ਗਏ ਹਨ। ਇਸ ਦੌਰਾਨ ਸ਼ੱਕੀ ਦੀਆਂ ਗਤੀਵਿਧੀਆਂ ਬਾਰੇ ਹੋਰ ਜਾਣਕਾਰੀ ਹਾਸਲ ਕਰਨ ਲਈ ਜਾਂਚ ਕੀਤੀ ਜਾ ਰਹੀ ਹੈ।



## ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਏ ਬਰਤਾਨੀਆ ਦੇ ਹਾਈ ਕਮਿਸ਼ਨਰ ਲਿੰਡੇ ਕੈਮਰੂਨ



**ਅੰਮ੍ਰਿਤਸਰ, 9 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਭਾਰਤ ਵਿਚ ਬਰਤਾਨੀਆ ਦੇ ਹਾਈ ਕਮਿਸ਼ਨਰ ਲਿੰਡੇ ਕੈਮਰੂਨ ਅੱਜ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਕਰਨ ਪੁੱਜੇ ਹਨ, ਜਿੱਥੇ ਉਨ੍ਹਾਂ ਵੱਲੋਂ ਸਰਬਤ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਜਸਵਿੰਦਰ ਸਿੰਘ ਜੱਸੀ ਅਤੇ ਸੂਚਨਾ ਅਧਿਕਾਰੀ ਅੰਮ੍ਰਿਤਪਾਲ ਸਿੰਘ ਨੇ ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਇਤਿਹਾਸ ਤੋਂ ਜਾਣੂੰ ਕਰਵਾਇਆ। ਇਸ ਦੌਰਾਨ ਉਨ੍ਹਾਂ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰਬਾਣੀ ਕੀਰਤਨ ਸਰਵਣ ਕੀਤਾ। ਉਹ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਵਿਖੇ ਵੀ ਗਏ, ਜਿੱਥੇ ਉਨ੍ਹਾਂ ਨੇ ਲੰਗਰ ਸੇਵਾ ਕੀਤੀ। ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਜਿੰਦਰ ਸਿੰਘ ਮਹਿਤਾ ਨੇ ਉਨ੍ਹਾਂ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਮਾਡਲ ਤੇ ਪੁਸਤਕਾਂ ਦੇ ਕੇ ਸਨਮਾਨਤ ਕੀਤਾ। ਬ੍ਰਿਟਿਸ਼ ਹਾਈ ਕਮਿਸ਼ਨਰ ਨੇ ਯਾਤਰੂ ਪੁਸਤਕ ਵਿੱਚ ਆਪਣੀਆਂ ਭਾਵਨਾਵਾਂ ਪ੍ਰਗਟ ਕਰਦੇ ਹੋਏ ਜ਼ਿਕਰ ਕੀਤਾ ਹੈ ਕਿ "ਸ੍ਰੀ ਹਰਿਮੰਦਰ ਸਾਹਿਬ ਸਿੱਖ ਧਰਮ ਦਾ ਕੇਂਦਰੀ ਅਸਥਾਨ ਹੈ ਜਿੱਥੇ ਅੱਜ ਲੱਖਾਂ ਸ਼ਰਧਾਲੂਆਂ ਵਿੱਚੋਂ ਇੱਕ ਉਨ੍ਹਾਂ ਨੂੰ ਵੀ ਨਤਮਸਤਕ ਹੋ ਕੇ ਚੰਗਾ ਮਹਿਸੂਸ ਹੋਇਆ। ਇਹ ਬੰਦਗੀ ਦਾ ਸ਼ਾਤਮਈ ਅਤੇ ਮਨਮੋਹਿਕ ਅਸਥਾਨ ਹੈ। ਉਨ੍ਹਾਂ ਸਨਮਾਨ ਲਈ ਪ੍ਰਬੰਧਕਾਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਸ. ਜਸਵਿੰਦਰ ਸਿੰਘ ਜੱਸੀ, ਸੂਚਨਾ ਅਧਿਕਾਰੀ ਸ. ਅੰਮ੍ਰਿਤਪਾਲ ਸਿੰਘ ਤੇ ਸ. ਰਣਧੀਰ ਸਿੰਘ ਆਦਿ ਹਾਜ਼ਰ ਸਨ।

## ਵਕੀਲ ਨੇ ਭਾਜਪਾ ਐਮ. ਐਲ. ਏ. ਨੂੰ ਭਜਾ-ਭਜਾ ਕੁੱਟਿਆ, ਪੁਲਸ ਖੜੀ ਵੇਖਦੀ ਰਹੀ ਤਮਾਸ਼ਾ

**ਨਵੀਂ ਦਿੱਲੀ, 9 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਯੂਪੀ ਦੇ ਲਖੀਮਪੁਰ ਵਿੱਚ ਭਾਜਪਾ ਵਿਧਾਇਕ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ। ਭਾਜਪਾ ਵਿਧਾਇਕ ਯੋਗੇਸ਼ ਵਰਮਾ ਦੀ ਕੁੱਟਮਾਰ ਦਾ ਵੀਡੀਓ ਵਾਇਰਲ ਹੋਇਆ ਹੈ। ਦਰਅਸਲ ਸਥਾਨਕ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਅਵਧੇਸ਼ ਸਿੰਘ ਨੇ ਯੋਗੇਸ਼ ਵਰਮਾ ਨੂੰ ਥੱਪੜ ਮਾਰ ਦਿੱਤਾ। ਇਸ ਤੋਂ ਬਾਅਦ ਉਨ੍ਹਾਂ ਦੇ ਸਮਰਥਕਾਂ ਨੇ ਵੀ ਵਰਮਾ ਨੂੰ ਘਸੀਟਿਆ। ਹੈਰਾਨੀ ਦੀ ਗੱਲ ਇਹ ਸੀ ਕਿ ਇਹ ਸਭ ਕੁਝ ਪੁਲਸ ਵਾਲਿਆਂ ਦੇ ਸਾਹਮਣੇ ਹੋਇਆ। ਜਿੱਥੇ ਅਧਿਕਾਰੀ ਵੀ ਕੁਝ ਨਹੀਂ ਕਰ ਸਕੇ। ਭਾਜਪਾ ਵਿਧਾਇਕ ਦੇ ਨਾਲ ਵੀ ਕਈ ਲੋਕ ਮੌਜੂਦ ਸਨ ਪਰ ਵਕੀਲਾਂ ਦੇ ਗਰੁੱਪ ਉਨ੍ਹਾਂ ਉਤੇ ਭਾਰੀ ਪਿਆ। ਹਾਲਾਂਕਿ ਕਈ ਮੀਡੀਆ ਰਿਪੋਰਟਾਂ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਬਾਅਦ ਵਿੱਚ ਵਿਧਾਇਕ ਦੇ ਸਮਰਥਕਾਂ ਨੇ ਵੀ ਅਵਧੇਸ਼ ਸਿੰਘ ਦੀ ਕੁੱਟਮਾਰ ਕੀਤੀ। ਵੀਡੀਓ 'ਚ ਦੇਖਿਆ ਜਾ ਸਕਦਾ ਹੈ ਕਿ ਕਿਵੇਂ ਭਾਜਪਾ ਵਿਧਾਇਕ ਅਤੇ ਅਵਧੇਸ਼ ਸਿੰਘ ਇਕ-ਦੂਜੇ ਦੇ ਆਹਮੋ-ਸਾਹਮਣੇ ਹਨ। ਪੁਲਸ ਵਾਲੇ ਵੀ ਮੌਜੂਦ ਹਨ। ਵੀਡੀਓ 'ਚ ਵਿਧਾਇਕ ਨੂੰ 'ਨਹੀਂ, ਤੁਸੀਂ ਕੀ ਕਰੋਗੇ' ਕਹਿੰਦੇ ਸੁਣਿਆ ਜਾ ਸਕਦਾ ਹੈ। ਜਿਵੇਂ ਹੀ ਉਹ ਅਜਿਹਾ ਕਹਿੰਦਾ ਹੈ, ਬਾਰ ਐਸੋਸੀਏਸ਼ਨ ਦੇ ਪ੍ਰਧਾਨ ਨੇ ਉਸ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਬਾਅਦ ਵਿੱਚ ਉਸ ਦੇ ਨਾਲ ਦੇ ਲੋਕਾਂ ਨੇ ਵੀ ਉਸ ਨੂੰ ਕੁੱਟ-ਕੁੱਟ ਕੇ ਮਾਰਨ ਦੀ ਕੋਸ਼ਿਸ਼ ਕੀਤੀ। ਜਿੱਥੇ ਬਾਅਦ 'ਚ ਪੁਲਸ ਉਨ੍ਹਾਂ ਨੂੰ ਵੱਖ ਕਰ ਕੇ ਲੈ ਗਈ। ਇਹ ਮਾਮਲਾ ਆਉਣ ਵਾਲੀਆਂ ਅਰਬਨ ਕੋਆਪਰੇਟਿਵ ਬੈਂਕ ਮੈਨੇਜਮੈਂਟ ਕਮੇਟੀ ਦੀਆਂ ਚੋਣਾਂ ਨਾਲ ਸਬੰਧਤ ਹੈ। ਦਰਅਸਲ, ਇਹ ਘਟਨਾ ਚੋਣਾਂ ਨੂੰ ਲੈ ਕੇ ਵੱਧ ਰਹੇ ਵਿਵਾਦ ਦੇ ਵਿਚਕਾਰ ਵਾਪਰੀ ਹੈ, ਕਿਉਂਕਿ ਜ਼ਿਲ੍ਹਾ ਭਾਜਪਾ ਪ੍ਰਧਾਨ ਸੁਨੀਲ ਸਿੰਘ ਅਤੇ ਵਿਧਾਇਕ ਯੋਗੇਸ਼ ਵਰਮਾ ਦਾ ਇੱਕ ਪੱਤਰ ਸਾਹਮਣੇ ਆਇਆ ਹੈ, ਜਿਸ ਵਿੱਚ ਚੋਣਾਂ ਨੂੰ ਮੁਲਤਵੀ ਕਰਨ ਦੀ ਬੇਨਤੀ ਕੀਤੀ ਗਈ ਹੈ। ਹਾਲਾਂਕਿ, ਵਧੀਕ ਜ਼ਿਲ੍ਹਾ ਮੈਜਿਸਟਰੇਟ (ਏਡੀਐਮ) ਸੰਜੇ ਸਿੰਘ ਨੇ ਸਪੱਸ਼ਟ ਕੀਤਾ ਕਿ ਚੋਣਾਂ ਨਿਰਧਾਰਤ ਸਮੇਂ ਅਨੁਸਾਰ ਹੀ ਹੋਣਗੀਆਂ। ਦਰਅਸਲ ਇਸ ਚੋਣ ਵਿੱਚ ਮੌਜੂਦਾ ਚੇਅਰਮੈਨ ਪੁਸ਼ਪਾ ਸਿੰਘ ਅਤੇ ਸਾਬਕਾ ਚੇਅਰਮੈਨ ਮਨੋਜ ਅਗਰਵਾਲ ਦਾ ਖੇਮਾ ਆਹਮੋ ਸਾਹਮਣੇ ਹੈ।



ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ (ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ) ਦੀ ਪ੍ਰੇਰਨਾ ਸਦਕਾ

www.nsycuk.com

ਸਾਲਾਨਾ ਯਾਤਰਾ 20 ਫਰਵਰੀ ਤੋਂ 12 ਮਾਰਚ 2025 ਤੱਕ

# ਪੰਜ ਤਖ਼ਤ ਸਾਹਿਬਾਨ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਦੀ ਸਾਲਾਨਾ ਯਾਤਰਾ


ਸ੍ਰੀ ਅਕਾਲ ਤਖ਼ਤ ਸਾਹਿਬ


ਤਖ਼ਤ ਸ੍ਰੀ ਪਟਨਾ ਸਾਹਿਬ


ਤਖ਼ਤ ਸ੍ਰੀ ਕੇਸਗੜ੍ਹ ਸਾਹਿਬ


ਤਖ਼ਤ ਸ੍ਰੀ ਦਮਦਮਾ ਸਾਹਿਬ


ਤਖ਼ਤ ਸ੍ਰੀ ਹਜ਼ੂਰ ਸਾਹਿਬ

## ਯਾਤਰਾ ਗੁਰਦੁਆਰਾ ਦੂਖ ਨਿਵਾਰਣ ਸਾਹਿਬ, ਗੁਰੂ ਤੇਗ ਬਹਾਦਰ ਨਗਰ, ਜਲੰਧਰ ਤੋਂ

20 ਫਰਵਰੀ 2025, ਦਿਨ ਵੀਰਵਾਰ ਨੂੰ ਸਵੇਰੇ ਠੀਕ 8 ਵਜੇ ਆਰੰਭ ਹੋਵੇਗੀ, ਸੰਗਤਾਂ ਸਵੇਰੇ 7.30 ਵਜੇ ਤੱਕ ਪਹੁੰਚਣ ਦੀ ਕਿਰਪਾ ਕਰਨ। 12 ਮਾਰਚ 2025, ਦਿਨ ਬੁੱਧਵਾਰ ਨੂੰ ਉਕਤ ਗੁਰਦੁਆਰਾ ਸਾਹਿਬ ਵਿਖੇ ਹੀ ਯਾਤਰਾ ਦੀ ਸਮਾਪਤੀ ਹੋਵੇਗੀ।



ਸੀਮਤ ਸੀਟਾਂ ਜਲਦੀ ਬੁਕਿੰਗ ਕਰਵਾਉ ਜੀ

**ਬਾਹਰਲੇ ਦੇਸ਼ਾਂ ਤੋਂ ਜਾਣ ਵਾਲੇ ਯਾਤਰੀ ਦਾ ਖਰਚ 400 ਪੌਂਡ ਅਤੇ ਪੱਕੇ ਤੌਰ 'ਤੇ ਭਾਰਤ ਵਿਚ ਰਹਿ ਰਹੇ ਯਾਤਰੀ ਦਾ ਖਰਚਾ 20 ਹਜ਼ਾਰ ਰੁਪਏ ਹੈ**

ਨੋਟ: ਵਿਦੇਸ਼ਾਂ ਤੋਂ ਸੰਗਤਾਂ ਆਪੋ-ਆਪਣੀਆਂ ਟਿਕਟਾਂ ਲੈ ਕੇ ਪੰਜਾਬ ਪਹੁੰਚਣਗੀਆਂ। ਯਾਤਰਾ ਏਅਰ ਕੰਡੀਸ਼ਨਰ ਕੋਚਾਂ ਵਿੱਚ ਕਰਵਾਈ ਜਾਵੇਗੀ। ਇੰਗਲੈਂਡ, ਅਮਰੀਕਾ, ਕੈਨੇਡਾ ਜਾਂ ਦੁਨੀਆਂ ਦੇ ਕਿਸੇ ਵੀ ਦੇਸ਼ ਵਿੱਚ ਰਹਿੰਦੇ ਸ਼ਰਧਾਲੂ ਇਸ ਯਾਤਰਾ ਵਿੱਚ ਜਾਲ ਲਈ ਸੰਪਰਕ ਕਰ ਸਕਦੇ ਹਨ। ਭਾਰਤ ਦੇ ਪੱਕੇ ਵਸਨੀਕ ਰਿਸ਼ਤੇਦਾਰਾਂ/ ਮਿੱਤਰਾਂ ਦੀ ਬੁਕਿੰਗ ਵੀ ਇੱਥੇ ਯੂ.ਕੇ. ਵਿੱਚ ਤੁਸੀਂ ਕਰਵਾ ਸਕਦੇ ਹੋ।

ਗੁ. ਸ੍ਰੀ ਗੁਰੂ ਤੇਗ ਬਹਾਦਰ, ਜਲੰਧਰ ਤੋਂ ਸ਼ੁਰੂਆਤ, ਗੁ. ਸ਼ਹੀਦ ਬੇਅੰਤ ਸਿੰਘ, ਗੁ. ਗੁਰੂ ਕਾ ਲਾਹੌਰ, ਗੁ. ਸੁਹੇਲਾ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਆਨੰਦਪੁਰ ਸਾਹਿਬ, ਬਾਉਲੀ ਸਾਹਿਬ, ਗੁ. ਨਾਢਾ ਸਾਹਿਬ, ਗੁ. ਸ੍ਰੀ ਕ੍ਰਿਪਾਲ ਸ਼ਿਲਾ, ਗੁ. ਸ੍ਰੀ ਪਾਉਂਟਾ ਸਾਹਿਬ, ਗੁ. ਦਸਤਾਰ ਅਸਥਾਨ, ਗੁ. ਭੰਗਾਣੀ ਸਾਹਿਬ, ਗੁ. ਤੀਰਗੜ੍ਹੀ ਸਾਹਿਬ, ਗੁ. ਨਾਨਕਮਤਾ ਸਾਹਿਬ, ਗੁ. ਬਾਬਾ ਅਲਮਸਤ ਸਾਹਿਬ, ਗੁ. ਭੰਡਾਰਾ ਸਾਹਿਬ, ਗੁ. ਦੁੱਧ ਵਾਲਾ ਖੂਹ, ਬਾਉਲੀ ਸਾਹਿਬ, ਗੁ. ਭਗਤ ਕਬੀਰ ਜੀ ਮਗਹਰ,ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਗੁ. ਗਊ ਘਾਟ, ਗੁ. ਤਾਕੀ ਸਾਹਿਬ, ਗੁ. ਗੁਰੂ ਕਾ ਬਾਗ ਪਟਨਾ ਸਾਹਿਬ, ਗੁ. ਕੰਗਣ ਘਾਟ, ਮਾਤਾ ਗੁਜਰੀ ਜੀ ਦਾ ਖੂਹ, ਗੁ. ਬਾਲ ਲੀਲ੍ਹਾ, ਗੁ. ਹਾਂਡੀ ਸਾਹਿਬ, ਗੁ. ਸ਼ੀਤਲ ਕੁੰਡ ਰਾਜਗੀਰ, ਗੁ. ਗਵਾਰੀ ਘਾਟ ਸਾਹਿਬ ਜੱਬਲਪੁਰ, ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਗੁ. ਰਤਨਗੜ੍ਹ ਸਾਹਿਬ, ਗੁ. ਨਾਨਕਸਰ, ਗੁ. ਸੰਗਤ ਸਾਹਿਬ, ਗੁ. ਮਾਤਾ ਸਾਹਿਬ ਦੇਵਾਂ ਜੀ, ਗੁ. ਅੰਗੀਠਾ ਸਾਹਿਬ ਸੰਤ ਬਾਬਾ ਨਿਧਾਨ ਸਿੰਘ ਜੀ-ਸੰਤ ਬਾਬਾ ਹਰਨਾਮ ਸਿੰਘ ਜੀ, ਗੁ. ਭਜਨਗੜ੍ਹ ਸਾਹਿਬ, ਗੁ. ਨਾਨਕ ਝੀਰਾ ਸਾਹਿਬ, ਗੁ. ਹੀਰਾ ਘਾਟ, ਗੁ. ਮਾਲਟੇਕੜੀ ਸਾਹਿਬ, ਗੁ. ਨਗੀਨਾ ਘਾਟ, ਗੁ. ਬੰਦਾ ਘਾਟ, ਦੇਹੁਰਾ ਭਗਤ ਨਾਮਦੇਵ ਜੀ, ਗੁ. ਬੜੀ ਸੰਗਤ ਸਾਹਿਬ ਬੁਰਹਾਨਪੁਰ, ਗੁ. ਦੱਖਣੀ ਓਅੰਕਾਰ ਸਾਹਿਬ, ਗੁ. ਸਾਹਿਬ ਬੇਟਮਾ ਇੰਦੌਰ, ਗੁ. ਦਾਤਾ ਬੰਦੀ ਛੋੜ ਗਵਾਲੀਅਰ, ਗੁ. ਦੂਖ ਨਿਵਾਰਨ ਸਾਹਿਬ ਆਗਰਾ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਭਾਈ ਡੱਲੇ ਦੀ ਹਵੇਲੀ, ਭੋਰਾ ਬਾਬਾ ਦੀਪ ਸਿੰਘ ਜੀ, ਗੁ. ਬਾਬਾ ਬੀਰ ਸਿੰਘ ਧੀਰ ਸਿੰਘ, ਗੁ. ਦਮਦਮਾ ਸਾਹਿਬ, ਗੁਰਦੁਆਰਾ ਬੁੰਗਾ ਮਸਤੂਆਣਾ, ਗੁਰੂਸਰ ਮਹਿਰਾਜ, ਗੁ. ਜ਼ਫ਼ਰਨਾਮਾ ਸਾਹਿਬ, ਗੁਰਦੁਆਰਾ ਟੁੱਟੀ ਗੰਢੀ ਸਾਹਿਬ, ਗੁ. ਤੰਬੂ ਸਾਹਿਬ ਸ੍ਰੀ ਮੁਕਤਸਰ ਸਾਹਿਬ, ਸ੍ਰੀ ਤਰਨਤਾਰਨ ਸਾਹਿਬ, ਛੇਹਰਟਾ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਜਲੰਧਰ ਵਾਪਸੀ ਹੋਵੇਗੀ ।

**ਯਾਤਰੂ ਟਰੈਵਲ ਇੰਸ਼ੋਰੈਂਸ ਖੁਦ ਜ਼ਰੂਰ ਕਰਵਾਉਣ। ਤੁਸੀਂ ਆਪਣੇ ਨਾਂਅ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿਚ ਵੀ ਸਾਡੇ ਸੇਵਾਦਾਰਾਂ ਨੂੰ ਦੇ ਸਕਦੇ ਹੋ। ਵਧੀਆ ਰਿਹਾਇਸ਼ ਅਤੇ ਮੁੱਢਲੀ ਡਾਕਟਰੀ ਸਹਾਇਤਾ ਦਾ ਖਾਸ ਪ੍ਰਬੰਧ ਕੀਤਾ ਜਾਂਦਾ ਹੈ।**

## ਗੁਰੂ ਪੰਥ ਦੇ ਦਾਸ: ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ

| | | | |
|---|---|---|---|
| ਭਾਈ ਰਘਵੀਰ ਸਿੰਘ ਮਾਲੜੀ ਨੋਟਿੰਘਮ | +44 7813953484 | ਭਾਈ ਅਮਰੀਕ ਸਿੰਘ ਤੂਰ ਡਰਬੀ | +44 7539243163 |
| ਭਾਈ ਰਘਵੀਰ ਸਿੰਘ ਵਾਲਸਾਲ | +44 7976210161 | ਬੀਬੀ ਜਸਵਿੰਦਰ ਕੌਰ ਥਾਂਦੀ ਕਵੈਂਟਰੀ | +44 7895666314 |
| ਭਾਈ ਬਲਜੀਤ ਸਿੰਘ ਕੰਗ | +44 7780605230 | ਭਾਈ ਕਪਤਾਨ ਸਿੰਘ ਵੁਲਵਰਹੈਂਪਟਨ | +44 7788283485 |

ਨੋਟ: ਕਿਸੇ ਜਥੇਬੰਦੀ ਜਾਂ ਨਿੱਜੀ ਲਾਭ ਦੀ ਬਜਾਇ ਇਸ ਯਾਤਰਾ ਕਮੇਟੀ ਦਾ ਗਠਨ ਸੰਗਤਾਂ ਦੀ ਸੇਵਾ ਲਈ ਕੀਤਾ ਗਿਆ ਹੈ, ਇਕੱਤਰ ਮਾਇਆ ਗੁਰਦੁਆਰਾ ਸਾਹਿਬਾਨ ਦੀ ਸੇਵਾ ਵਿੱਚ ਹੀ ਲਾਈ ਜਾਂਦੀ ਹੈ।

Nankana Sahib Yatra Committee U.K, 21 Hazel Ave, Littleover, Derby De23 7HA
www.nsycuk.com, E-Mail: nsycuk1469@gmail.com
ਪਿਛਲੇ ਸਾਲਾਂ ਦੀਆਂ ਯਾਤਰਾ ਤਸਵੀਰਾਂ ਦੇਖਣ ਲਈ ਸਾਡੇ ਫੇਸਬੁੱਕ ਪੇਜ Nankana Sahib Yatra Commitee UK ਅਤੇ ਵੈੱਬਸਾਈਟ ਤੇ ਜ਼ਰੂਰ ਜਾਉ ਜੀ

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net



ਨਾਮ ਜਪੋ / ਕਿਰਤ ਕਰੋ / ਵੰਡ ਛਕੋ
Naam Japo / Kirat Karo / Vand Shako
ਜਥਾ ਭਿੰਡਰਾਂ (ਮਹਿਤਾ)
www.damdamitaksal.net
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for **AWAZE QAUM** Channel
https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਬੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


24 SERVICE EVERYDAY HOURS
PURE AND NATURAL 100% VEGETARIAN
Enjoy Real Taste of PUNJAB
KD
FULLY A.C. HALL
**Khehra VAISHNO DHABA**
BREAKFAST
LUNCH
DINNER
OUR SPECIALIZATION : Au Important Ingredients used to Prepare Dishes are Grown in our own farmes.

Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad

V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment



# ਪੰਜਾਬੀ
## ਸਿੱਖੋ ਬੋਲੋ ਪੜ੍ਹੋ ਲਿਖੋ

ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ | Love Maa Boli Punjabi

ੳ ਅ ੲ ਸ ਹ
ਕ ਖ ਗ ਘ ਙ
ਚ ਛ ਜ ਝ ਞ
ਟ ਠ ਡ ਢ ਣ
ਤ ਥ ਦ ਧ ਨ
ਪ ਫ ਬ ਭ ਮ
ਯ ਰ ਲ ਵ ੜ
ਸ਼ ਖ਼ ਗ਼ ਜ਼ ਫ਼ ਲ਼

www.damdamitaksal.net

ਮੁਕਤਾ | ਾ ਕੰਨਾ | ਿ ਸਿਹਾਰੀ | ੀ ਬਿਹਾਰੀ
ੁ ਔਂਕੜ | ੂ ਦੁਲੈਂਕੜ | ੇ ਲਾਂ | ੈ ਦੁਲਾਵਾਂ
ੋ ਹੋੜਾ | ੌ ਕਨੌੜਾ | ੰ ਟਿੱਪੀ | ਾਂ ਕੰਨਾ-ਬਿੰਦੀ

www.damdamitaksal.net

੧ ੨ ੩ ੪ ੫ ੬ ੭ ੮ ੯ ੧੦

www.damdamitaksal.net
Learn Speak Read Write
PUNJABI


ਦੇਗ ਤੇਗ ਫ਼ਤਿਹ – ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਸਲਾਨਾ ਜੋੜ ਮੇਲਾ
ਜਥੇਦਾਰ ਬਾਬਾ ਖੜਕ ਸਿੰਘ ਨਿਹੰਗ ਸਿੰਘ ਜੀ
ਧੰਨ–ਧੰਨ ਮਾਤਾ ਸਾਹਿਬ ਕੌਰ ਜੀ
ਗੁਰਮਤਿ ਸਮਾਗਮ
3 ਨਵੰਬਰ 2024 ਦਿਨ ਐਤਵਾਰ ਨੂੰ
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ
ਗੁਰਦੁਆਰਾ ਸ਼ਹੀਦਾਂ, ਜੱਸੋਵਾਲ
(ਬੱਬਰਾਂ ਦਾ ਹਾਈਕੋਰਟ)
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ,
ਪ੍ਰਧਾਨ ਭਾਈ ਲਾਲੋ ਜੀ ਸੰਤ ਸਮਾਜ, ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ
ਸੰਪਰਕ ਨੰਬਰ
98141-27470


ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ
ਰੰਧਾਵਾ ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।
ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜ਼ਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446


ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote







KHALSA FORGE

Explore a stunning collection of high-quality Damascus and Sarbloh Kirpans, meticulously crafted for excellence.
www.khalsaforge.com

# ਖਾਲਸਾ ਫੋਰਜ

☛ ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।

☛ ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।









**www.khalsaforge.com**


HAYES PLANT HIRE
WE TRAIN YOU GAIN
NPORS ACCREDITED
Telescopic Handler
Excavator 360
Road Roller
Forward Tipping Dumper
Tractor
Dozer
Plant Training and Testing on All
CATEGORIES OF
MACHINERY.
Dump Truck
HAYES PLANT HIRE
ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ
NROPS Accredited
ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ
ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।
CONTACT- 07831543004
Hollis Farm, Clay Cross Chesterfield. S45 9BA
01246864370
ਆਵਾਜ਼ਿ ਕੌਮ AWAZE QAUM
International Newspaper & WEB TV
CALL US TO BOOK YOUR CSCS LEVEL ONE COURSE.
07715 1-28621


DHAN DHAN SRI GURU NANAK DEV JI'S PARKASH PURAB
SANDWELL
NAGAR KIRTAN
ਨਗਰ ਕੀਰਤਨ
SUNDAY 3 NOV 2024
GURDWARA GURU HAR RAI SAHIB JI START 9.00AM
George Street, West Bromwich
GURU NANAK GURDWARA 11.00AM
Edward Street, West Bromwich
GURDWARA AMRIT PARCHAR DHARMIK DIWAN 1.00PM
Birmingham Road, Oldbury
GURDWARA GURU MANEYO GRANTH 2.00PM
Popes Lane, Oldbury
GURDWARA BABA SANG 3.15PM
St Paul's Road, Smethwick
GURU NANAK GURDWARA SMETHWICK 4.00pm FINISH
High Street, Smethwick
ਗੁਰਦੁਆਰਾ ਗੁਰੂ ਹਰਿ ਰਾਇ ਸਾਹਿਬ ਅਰੰਭਤਾ: ੯.੦੦ ਵਜੇ
ਜੋਰਜ ਸਟਰੀਟ ਵੈਸਟ ਬ੍ਰਮਵਿਚ
ਗੁਰੂ ਨਾਨਕ ਗੁਰਦੁਆਰਾ, ੧੧.੦੦ ਵਜੇ
ਏਡਵਰਡ ਸਟਰੀਟ ਵੈਸਟ ਬ੍ਰਮਵਿਚ
ਗੁਰਦੁਆਰਾ ਅੰਮ੍ਰਿਤ ਪ੍ਰਚਾਰ ਧਾਰਮਿਕ ਦੀਵਾਨ ੧.੦੦ ਵਜੇ
ਬ੍ਰਮਿੰਘਮ ਰੋਡ, ਓਲਡਬਰੀ
ਗੁਰਦੁਆਰਾ ਗੁਰੂ ਮਾਨਯੋ ਗ੍ਰੰਥ ੨.੦੦ ਵਜੇ
ਪੋਪਸ ਲੇਨ, ਓਲਦਬਰੀ
ਗੁਰਦੁਆਰਾ ਬਾਬਾ ਸੰਗ ਜੀ ੩.੧੫ ਵਜੇ
ਸਟ. ਪੌਲਜ਼ ਰੋਡ, ਸਮੈਦਿਕ
ਗੁਰੂ ਨਾਨਕ ਗੁਰਦੁਆਰਾ ਸਮਾਪਤੀ: ੪.੦੦ ਵਜੇ
ਸਮੈਦਿਕ
ਆਵਾਜ਼ਿ ਕੌਮ AWAZE QAUM International Newspaper & WEB TV
GURU HAR RAI GURDWARA SAHIB - 0121 553 7219
GURU NANAK GURDWARA SMETHWICK - 0121 558 2527
GURDWARA AMRIT PARCHAR DHARMIK DIWAN OLDBURY
Gurdwara Guru Maneyo Granth OLDBURY
GURU NANAK GURDWARA SMETHWICK
The Council of Sikh Gurdwaras in Sandwell

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਮਹਾਨ ਗੁਰਮਤਿ ਸਮਾਗਮ

## ਜਨਮ ਦਿਵਸ ਭਾਈ ਤਾਰੂ ਸਿੰਘ ਜੀ

ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਵਿਰਕ ਪ੍ਰਵਾਰ ਵੱਲੋਂ ਲਈ ਗਈ ਹੈ।

ਸ਼ਹੀਦੀ ਦਿਵਸ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਜੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ।



ਸ਼ਨਿੱਚਰਵਾਰ 12 ਅਕਤੂਬਰ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ।

ਐਤਵਾਰ 13 ਅਕਤੂਬਰ 2024 ਨੂੰ 6:30 ਵਜੇ ਸਵੇਰੇ ਚੌਪਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9:30 ਵਜੇ ਭੋਗ ਪੈਣਗੇ। ਉਪਰੰਤ 12:30 ਵਜੇ ਤੱਕ ਦੀਵਾਨ ਸਜਣਗੇ।

ਕਥਾ ਅਤੇ ਕੀਰਤਨ ਰਾਹੀਂ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ਆਪਣਾ ਕੀਮਤੀ ਸਮਾਂ ਕੱਢਕੇ ਸਮਾਗਮਾ ਵਿਚ ਪਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap

26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778

ਜਨਮਦਿਨ 'ਤੇ ਵਿਸ਼ੇਸ਼

### ਕੇਸਾਂ ਦੀ ਥਾਂ ਖੋਪਰੀ ਲੁਹਾਉਣ ਵਾਲੇ

# ਸ਼ਹੀਦ 'ਭਾਈ ਤਾਰੂ ਸਿੰਘ ਜੀ'

ਸ਼ਹੀਦ ਭਾਈ ਤਾਰੂ ਸਿੰਘ ਜੀ ਦਾ ਜੀਵਨ ਤੇ ਸ਼ਹਾਦਤ ਦਾ ਵਿਲੱਖਣ ਵਰਤਾਰਾ ਪਿਛਲੀਆਂ ਤਿੰਨ ਸਦੀਆਂ ਦੌਰਾਨ ਹਰ ਦੌਰ 'ਚ ਸਿੱਖਾਂ ਅੰਦਰ ਨਵੀਂ ਰੂਹ ਫੂਕਣ ਦਾ ਸਬੱਬ ਬਣਦਾ ਆ ਰਿਹਾ ਹੈ। ਹਰ ਸਿੱਖ ਦਿਨ ਵਿਚ ਦੋ ਵੇਲੇ ਅਰਦਾਸ ਕਰਦਾ ਹੋਇਆ ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ ਨੂੰ "ਖੋਪੜੀਆਂ ਲੁਹਾਈਆ, ਚਰਖੜੀਆਂ 'ਤੇ ਚੜ੍ਹੇ" ਅਤੇ " ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਈ" ਦੇ ਰੂਪ ਵਿਚ ਯਾਦ ਕਰਦਾ ਹੈ । ਅੱਜ ਤੋਂ ਠੀਕ 300 ਸਾਲ ਪਹਿਲਾਂ ਸੰਨ 1720 ਵਿਚ ਲਾਹੌਰ (ਅੱਜਕੱਲ ਤਰਨਤਾਰਨ) ਜ਼ਿਲੇ ਦੇ ਪਿੰਡ ਪੂਹਲਾ ਵਿਚ ਜਨਮੇ ਭਾਈ ਤਾਰੂ ਸਿੰਘ ਦਾ ਪਰਿਵਾਰ ਸਿੱਖੀ ਲਈ ਜੂਝ ਮਰਨ ਦਾ ਜਜ਼ਬਾ ਰੱਖਦਾ ਸੀ।

ਪੰਥ ਪ੍ਰਕਾਸ਼ ਦੇ ਕਰਤਾ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ:-

**ਪੂਲਾ ਨਾਮ ਗ੍ਰਾਮ ਅਹਿ ਨਿਕਟ ਭੜਾਣੈ ਬਹਿ,**
**ਮਾਝੇ ਦੇਸ ਮੈ ਲਖਾਹਿ ਸਭ ਕੋ ਸੁਹਾਵਤੋ।**
**ਭਗਤ ਕਬੀਰ ਕੈਸੋ ਧੰਨੇ ਨੇ ਸਰਬੇ ਸਰੀਰ,**
**ਤਾਰੂ ਸਿੰਘ ਨਾਮ ਮਮ ਭਗਤੀ ਕਮਾਵਤੋ॥**
**ਜਤੀ ਸਤੀ ਹਠੀ ਤਪੀ ਸੂਰਬੀਰ ਧੀਰ ਬਰ,**
**ਪਰ ਉਪਕਾਰੀ ਭਾਰੀ ਜਗ ਜਪ ਗਾਵਤੋ।**
**ਖੇਤੀ ਕਰਾਵਾਣੈ ਕ੍ਰਿਤ ਧਰਮ ਕੀ ਛਕੇ ਛਕਾਵੈ,**
**ਧਰਮ ਕਰਾਵੈ ਆਪ ਕਰਤ ਰਹਾ ਭਤੋ।**

ਨਗਰ ਦੀ ਰਵਾਇਤ ਮੁਜਬ ਭਾਈ ਤਾਰੂ ਸਿੰਘ ਜੀ ਦੇ ਪਿਤਾ ਸਰਦਾਰ ਜੋਧ ਸਿੰਘ ਜੀ ਨੇ ਵੀ ਜੰਗ ਵਿਚ ਜੂਝ ਕੇ ਸ਼ਹੀਦੀ ਪ੍ਰਾਪਤ ਕੀਤੀ ਸੀ । ਸੰਨ 1716 'ਚ ਬਾਬਾ ਬੰਦਾ ਸਿੰਘ ਬਹਾਦਰ ਦਾ ਸਿੱਖ ਰਾਜ ਖਤਮ ਹੋਣ ਪਿਛੋਂ ਸਿੱਖਾਂ ਖਿਲਾਫ ਹਕੂਮਤੀ ਜਬਰ ਦੀ ਅੱਤ ਹੋ

ਆਵਾਜ਼ਿ ਕੌਮ AWAZE QAUM International Newspaper & WEB TV

ਗਈ। ਸਿੱਖਾਂ ਦੇ ਪੱਕੇ ਵਸੇਬੇ ਛੰਭਾਂ 'ਤੇ ਜੰਗਲ ਹੋ ਗਏ। ਜਕਰੀਆ ਖਾਂ, ਨਾਜਮ ਲਾਹੌਰ ਨੇ ਸਿੱਖੀ ਦੇ ਮੁਕੰਮਲ ਖਾਤਮੇ ਲਈ ਆਪਣੇ ਮੁਖਬਰ ਕਾਇਮ ਕੀਤੇ, ਜੋ ਸਿੱਖਾਂ ਬਾਰੇ ਪਲ-ਪਲ ਦੀ ਖਬਰ ਸਰਕਾਰ ਨੂੰ ਦਿੰਦੇ ਸਨ। ਪਿਤਾ ਜੀ ਦੀ ਸ਼ਹੀਦੀ ਪਿਛੋਂ ਭਾਈ ਤਾਰੂ ਸਿੰਘ ਜੀ, ਵੱਡੀ ਭੈਣ ਬੀਬੀ ਤਾਰੋ ਤੇ ਮਾਤਾ ਜੀ ਪਿੰਡ 'ਚ ਹੀ ਆਪਣੀ ਜ਼ਮੀਨ 'ਚ ਵਾਹੀ ਕਰਕੇ ਆਉਣ ਜਾਣ ਵਾਲਿਆਂ ਦੀ ਪ੍ਰਸ਼ਾਦੇ-ਪਾਣੀ ਨਾਲ ਸੇਵਾ ਕਰਦਿਆਂ ਜੀਵਨ ਨਿਰਬਾਹ ਕਰ ਰਹੇ ਸਨ।

ਰਾਹੇ ਬਗਾਹੇ ਜੰਗਲ ਬੇਲੇ 'ਚੋਂ ਸਿੰਘ ਆਉਂਦੇ ਤੇ ਭਾਈ ਤਾਰੂ ਸਿੰਘ ਉਨ੍ਹਾਂ ਦੀ ਸੇਵਾ ਕਰਕੇ ਅਤਿ ਪ੍ਰਸੰਨ ਹੁੰਦੇ । ਉਂਝ ਆਪ ਜੀ ਦੇ ਘਰ ਦੇ ਦਰਵਾਜ਼ੇ ਹਰ ਲੋੜਵੰਦ , ਗਰੀਬ ਗੁਰਬੇ ਲਈ ਖੁੱਲ੍ਹੇ ਹੀ ਰਹਿੰਦੇ । ਇਨ੍ਹਾਂ ਦਿਨ੍ਹਾਂ ਵਿਚ ਲਾਹੌਰ ਤੋਂ ਪੱਟੀ ਨੂੰ ਵਾਪਸ ਮੁੜਦਿਆਂ ਰਹੀਮ ਬਖਸ਼ ਮਾਸ਼ੀ ਨਾਂ ਦੇ ਇਕ ਬਜ਼ੁਰਗ ਨੂੰ ਪਿੰਡ ਪੂਹਲੇ ਕੋਲ ਰਾਤ ਪੈ ਗਈ । ਉਹ ਰਾਤ ਕੱਟਣ ਲਈ ਭਾਈ ਤਾਰੂ ਸਿੰਘ ਦੇ ਘਰੇ ਰੁਕਿਆ। ਸਿੰਘ ਨੇ ਮੁਸਲਮਾਨ ਜੋੜੇ ਨੂੰ ਪ੍ਰਸ਼ਾਦਾ ਪਾਣੀ ਛਕਾਇਆ ਤੇ ਡੂੰਘੀ ਉਦਾਸੀ ਦਾ ਕਾਰਨ ਪੁੱਛਿਆ ? ਰਹੀਮ ਬਖਸ਼ ਨੇ ਦੱਸਿਆ ਕਿ ਪੱਟੀ ਦੇ ਫੌਜਦਾਰ ਨੇ ਉਸ ਦੀ ਧੀ ਸਲਮਾਂ ਨੂੰ ਜਬਰੀ ਅਗਵਾ ਕਰ ਲਿਆ ਹੈ ਤੇ ਨਿਕਾਹ ਕਰਨਾ ਚਾਹੁੰਦਾ ਹੈ ਪਰ ਉਸਦੀ ਧੀ ਉਸ ਅੱਯਾਸ ਨਾਲ ਵਿਆਹ ਕਰਵਾਉਣ ਤੋਂ ਇਨਕਾਰੀ ਹੈ।

ਉਹ ਲਾਹੌਰ ਜਕਰੀਆਂ ਖਾਂ ਕੋਲ ਸ਼ਿਕਾਇਤ ਲੈ ਕੇ ਗਿਆ ਸੀ ਪਰ ਉਥੇ ਵੀ ਸੁਣਵਾਈ ਨਹੀਂ ਹੋਈ। ਹੁਣ ਕਿਸੇ ਦੇ ਦੱਸ ਪਾਉਣ 'ਤੇ ਉਹ ਸਿੱਖਾਂ ਦੀ ਭਾਲ ਵਿਚ ਹੈ, ਜੋ ਉਸ ਦੀ ਧੀ ਨੂੰ ਜ਼ਾਲਮ ਕੋਲੋਂ ਛੁਡਵਾ ਸਕਣ। ਭਾਈ ਤਾਰੂ ਸਿੰਘ ਨੇ ਬਜ਼ੁਰਗ ਨੂੰ ਹੌਂਸਲਾ ਰੱਖਣ ਦੀ ਤਾਕੀਦ ਕੀਤੀ। ਉਸੇ ਰਾਤ ਝਿੜੀ ਵਿਚੋਂ 10 ਕੁ ਸਿੰਘ ਨਿਕਲ ਕੇ ਭਾਈ ਤਾਰੂ ਸਿੰਘ ਕੋਲੋਂ ਲੰਗਰ ਛਕਣ ਆ ਗਏ, ਰਹੀਮ ਬਖਸ਼ ਨੇ ਸਾਰੀ ਵਿਥਿਆ ਉਨ੍ਹਾਂ ਨੂੰ ਦੱਸੀ। ਉਸੇ ਰਾਤ ਪੱਟੀ ਦੇ ਫੌਜਦਾਰ ਨੂੰ ਸੁੱਤਿਆਂ ਦਬੋਚਣ ਦਾ ਫੈਸਲਾ ਹੋਇਆ। ਸਿੰਘਾਂ ਨੇ ਰਾਤ ਪੱਟੀ 'ਤੇ ਹੱਲਾ ਬੋਲ ਕੇ ਸਲਮਾਂ ਨੂੰ ਆਜ਼ਾਦ ਕਰਵਾ ਕੇ ਰਹੀਮ ਬਖਸ਼ ਦੇ ਸਪੁਰਦ ਕੀਤਾ।

ਜਕਰੀਆ ਖਾਂ ਇਸ ਘਟਨਾ ਬਾਰੇ ਜਾਣ ਕੇ ਬਹੁਤ ਕ੍ਰੋਧਿਤ ਹੋਇਆ ਤੇ ਆਪਣੇ ਪਾਲੇ ਹੋਏ ਮੁਖਬਰਾਂ ਨੂੰ ਇਸ ਵਕੂਏ 'ਚ ਸ਼ਾਮਲ ਸਿੱਖਾਂ ਬਾਰੇ ਸੂਹ ਦੇਣ ਲਈ ਕਿਹਾ। ਸਰਕਾਰ ਦੇ ਪਰਲੇ ਦਰਜੇ ਦੇ ਵਫਾਦਾਰ ਚੌਧਰੀਆਂ ਅਤੇ ਮੁਖਬਰਾਂ ਵਿਚੋਂ ਸਭ ਤੋਂ ਨਿਰਦਈ ਜੰਡਿਆਲੇ ਦਾ ਹਰਭਗਤ ਨਿਰੰਜਨੀਆਂ ਸੀ। ਭਾਵੇਂ ਪਿੰਡ ਪੂਹਲਾ ਇਸਦੀ ਚੌਧਰ ਥੱਲੇ ਨਹੀਂ ਸੀ ਪਰ ਉਹ ਭਾਈ ਤਾਰੂ ਸਿੰਘ ਦੀ ਵਡਿਆਈ ਜਾਣ ਕੇ ਉਸ ਤੋਂ ਖਾਰ ਖਾਂਦਾ ਸੀ। ਹਰਭਗਤ ਨਿਰੰਜਨੀਏ ਨੇ ਭਾਈ ਤਾਰੂ ਸਿੰਘ ਦੀ ਮੁਖਬਰੀ ਜਕਰੀਆ ਖਾਂ ਕੋਲ ਜਾ ਕੀਤੀ। ਲਾਹੌਰ ਤੋਂ ਚੜ੍ਹੀਆਂ ਫੌਜਾਂ ਨੇ ਭਾਈ ਤਾਰੂ ਸਿੰਘ ਤੇ ਭੈਣ ਬੀਬੀ ਤਾਰੋ ਨੂੰ ਗ੍ਰਿਫਤਾਰ ਕਰ ਲਿਆ।




ਪਿੰਡ ਵਾਸੀਆਂ ਨੇ ਭੈਣ ਤਾਰੋ ਨੂੰ ਹਰਜਾਨਾ ਭਰ ਕੇ ਛੁਡਵਾ ਲਿਆ ਪਰ ਭਾਈ ਸਾਹਿਬ ਨੂੰ ਜਕਰੀਆ ਖਾਂ ਕੋਲ ਪੇਸ਼ ਕੀਤਾ ਗਿਆ। ਜਕਰੀਆ ਖਾਂ ਨੇ ਭਾਈ ਤਾਰੂ ਸਿੰਘ ਨੂੰ ਸਿਰ ਦੇ ਵਾਲ ਕਟਾ ਕੇ ਮੁਸਲਮਾਨ ਬਣ ਜਾਣ ਬਖਸ਼ਾਉਣ ਦੀ ਤਜਵੀਜ਼ ਦਿੱਤੀ ਪਰ ਭਾਈ ਤਾਰੂ ਸਿੰਘ ਨੇ ਪੁੱਛਿਆ ਕਿ ਕੀ ਮੁਸਲਮਾਨ ਬਣਨ ਨਾਲ ਮੌਤ ਨਹੀਂ ਆਵੇਗੀ ? ਭਾਈ ਤਾਰੂ ਸਿੰਘ ਨੇ ਕੇਸਾਂ ਸੰਗ ਦੁਨੀਆ ਤੋਂ ਰੁਖਸਤ ਹੋਣ ਦੀ ਗੱਲ ਕਹੀ। ਤੈਸ਼ ਵਿਚ ਆ ਕੇ ਜਕਰੀਆ ਖਾਂ ਨੇ ਕਿਹਾ ਕਿ "ਮੈਂ ਤੇਰੇ ਕੇਸ ਜੁੱਤੀਆਂ ਮਾਰ-ਮਾਰ ਕੇ ਉਖਾੜ ਦਿਆਂਗਾ।

ਪੰਥ ਪ੍ਰਕਾਸ਼ ਦਾ ਕਰਤਾ ਲਿਖਦਾ ਹੈ :

**ਜਿਮ ਜਿਮ ਸਿੰਘਨ ਤੁਰਕ ਸਤਾਵੈ।**
**ਤਿਮ ਤਿਮ ਮੁਖ ਸਿੰਘ ਲਾਲੀ ਆਵੈ।**

ਭਾਈ ਤਾਰੂ ਸਿੰਘ ਨੇ ਵਚਨ ਕੀਤਾ ਕਿ ਅਸੀਂ ਤੈਨੂੰ ਜੁੱਤੀ ਦੇ ਅੱਗੇ ਲਾ ਕੇ ਲੈ ਕੇ ਜਾਵਾਂਗੇ। ਕ੍ਰੋਧ 'ਚ ਅੰਨ੍ਹੇ ਹੋਏ ਜਕਰੀਆ ਖਾਨ ਨੇ ਨਾਈ ਮੰਗਵਾਇਆ ਤੇ ਭਾਈ ਤਾਰੂ ਸਿੰਘ ਦੇ ਕੇਸ ਕਤਲ ਦਾ ਹੁਕਮ ਦਿੱਤਾ। ਰਵਾਇਤ ਮੁਤਾਬਕ ਭਾਈ ਤਾਰੂ ਸਿੰਘ ਜੀ ਦੇ ਕੇਸ ਲੋਹੇ ਦੀਆਂ ਤਾਰਾਂ ਬਣ ਗਏ ਤੇ ਨਾਈ ਵਲੋਂ ਕੋਸ਼ਿਸ ਕਰਨ 'ਤੇ ਵੀ ਨਾ ਕੱਟੇ ਗਏ। ਇਸ ਪਿਛੋਂ ਖਾਨ ਨੇ ਰੰਬੀ ਨਾਲ ਖੋਪੜੀ ਲਾਹੁਣ ਦਾ ਹੁਕਮ ਦਿੱਤਾ। ਅਜੋਕੇ ਇਤਿਹਾਸਕਾਰਾਂ ਦਾ ਮਤ ਹੈ ਕਿ ਭਾਈ ਤਾਰੂ ਸਿੰਘ ਨੇ ਜਕਰੀਆ ਨੂੰ ਲਲਕਾਰ ਕੇ ਆਖਿਆ ਕਿ ਮੇਰੀ ਖੋਪੜੀ ਲਾਹ ਦੇ ਪਰ ਕੇਸ ਨਾ ਕੱਟੀਂ। ਜਕਰੀਆ ਖਾਂ ਨੂੰ ਯਕੀਨ ਸੀ ਕਿ ਰੰਬੀ ਨਾਲ ਖੋਪੜੀ ਲਾਹੁਣ 'ਤੇ ਭਾਈ ਤਾਰੂ ਸਿੰਘ ਤੜਫੇਗਾ ਤੇ ਜਾਨ ਬਖਸ਼ੀ ਲਈ ਗਿੜਗੜਾਏਗਾ ਪਰ ਭਾਈ ਜੀ ਨੇ ਕਿਹਾ ਮੈਂ ਕੋਈ ਭੇਡ ਬੱਕਰੀ ਨਹੀਂ, ਗੁਰੂ ਦਾ ਸਿੱਖ ਹਾਂ। ਆਪ ਜੀ ਚੌਂਕੜਾ ਲਾ ਕਰ ਬੈਠ ਗਏ ਤੇ ਜਲਾਦ ਨੇ ਰੰਬੀ ਨਾਲ ਖੋਪਰ ਲਾਹੁਣਾ ਸ਼ੁਰੂ ਕੀਤਾ।

ਪੰਥ ਪਰਕਾਸ਼ 'ਚ ਦਰਜ ਹੈ :

**ਤਬ ਸਿੰਘ ਜੀ ਬਹੁ ਭਲੀ ਮਨਾਈ**
**ਸਾਥ ਕੇਸਨ ਕੇ ਖੋਪਰੀ ਜਾਈ**
**ਤੋ ਭੀ ਹਮਰੋ ਬਚਨ ਰਹਾਈ**
**ਸਿੱਖੀ ਕੀ ਗੁਰ ਪੈਜ ਰਖਾਈ ।।**

ਖੋਪੜੀ ਲਾਹੁਣ ਪਿਛੋਂ ਲਹੂ-ਲੁਹਾਨ ਭਾਈ ਤਾਰੂ ਸਿੰਘ ਨੂੰ ਇਕ ਖਾਈ ਵਿਚ ਸੁੱਟ ਦਿੱਤਾ। ਉਥੋਂ ਲਾਹੌਰ ਦੇ ਕੁਝ ਸਿੱਖ ਆਪ ਜੀ ਨੂੰ ਚੁੱਕ ਕੇ ਧਰਮਸਸ਼ਲਾ 'ਚ ਲੈ ਗਏ ਤੇ ਇਲਾਜ ਸ਼ੁਰੂ ਕੀਤਾ। ਉਸੇ ਦੌਰਾਨ ਭਾਈ ਤਾਰੂ ਸਿੰਘ ਦੇ ਬੋਲ ਸੱਚ ਹੋਣੇ ਸ਼ੁਰੂ ਹੋ ਗਏ। ਜਕਰੀਆ ਖਾਂ ਨੂੰ ਪਿਸ਼ਾਬ ਦਾ ਬੰਨ੍ਹ ਪੈ ਗਿਆ, ਸਭ ਵੈਦ ਹਕੀਮ ਅਸਫਲ ਹੋਏ। ਕੁਝ ਦਿਨਾਂ ਵਿਚ ਹੀ ਜਕਰੀਆ ਖਾਂ ਦੀ ਜਾਨ ਲਬਾਂ 'ਤੇ ਆ ਗਈ ਤਾਂ ਉਸ ਨੂੰ ਭਾਈ ਤਾਰੂ ਸਿੰਘ ਨਾਲ ਕੀਤੇ ਜਬਰ ਦਾ ਚੇਤਾ ਆਇਆ। ਉਸਨੇ ਭਾਈ ਸੁਬੇਗ ਸਿੰਘ ਰਾਹੀਂ ਪਸਚਾਤਾਪ ਦੀ ਗੱਲ ਚਲਾਈ। ਸਿੱਖ ਜਾਣਦੇ ਸਨ ਕਿ ਭਾਈ ਤਾਰੂ ਸਿੰਘ ਦਾ ਬਚਨ ਅਟੱਲ ਹੈ। ਪਿਸ਼ਾਬ ਦਾ ਬੰਨ੍ਹ ਤਾਂ ਟੁਟ ਸਕਦਾ ਜੇ ਭਾਈ ਤਾਰੂ ਸਿੰਘ ਦੀ ਜੁੱਤੀ ਜਕਰੀਆ ਖਾਂ ਦੇ ਸਿਰ 'ਤੇ ਮਾਰੀ ਜਾਵੇ। ਇਉਂ ਨਵਾਬ ਦੀ ਸਿਹਤਯਾਬੀ ਲਈ ਉਸਦੇ ਸਿਰ 'ਤੇ ਭਾਈ ਤਾਰੂ ਸਿੰਘ ਦੀਆਂ ਜੁੱਤੀਆਂ ਵੱਜਣ ਲੱਗੀਆਂ। ਜਦੋਂ ਜੁੱਤੀ ਵੱਜਦੀ ਪਿਸ਼ਾਬ ਆਉਂਦਾ ਨਹੀਂ ਤਾਂ ਬੰਨ੍ਹ ਪਿਆ ਰਹਿੰਦਾ।

ਖੋਪੜੀ ਲੱਥਣ ਤੋਂ ਪਿਛੋਂ ਆਪ ਜੀ 22 ਦਿਨਾਂ ਤੱਕ ਜਿਊਂਦੇ ਰਹੇ ਅਤੇ ਜੁਲਾਈ 1745 ਨੂੰ ਦੇਹ ਦਾ ਉਹਲਾ ਕਰ ਗਏ। ਆਪ ਜੀ ਦੇ ਚਲਾਣੇ ਤੋਂ ਚਾਰ ਦਿਨ ਪਿਛੋਂ ਜਕਰੀਆ ਖਾਂ ਵੀ ਚੱਲ ਵਸੇ। ਸੰਨ 1762 ਵਿਚ ਭੰਗੀ ਮਿਸਲ ਦੇ ਸਿੰਘ ਸਰਦਾਰਾਂ ਨੇ ਲਾਹੌਰ ਦੀ ਅਬਦੁਲ ਖਾਨ ਮਸਜਿਦ ਦੇ ਕੋਲ ਭਾਈ ਤਾਰੂ ਸਿੰਘ ਜੀ ਦੇ ਸ਼ਹੀਦੀ ਸਥਾਨ 'ਤੇ ਗੁਰਦੁਆਰਾ ਸ਼ਹੀਦਗੰਜ ਜੀ ਦੀ ਉਸਾਰੀ ਕਰਵਾਈ। ਸ਼ਹੀਦ ਭਾਈ ਤਾਰੂ ਸਿੰਘ ਜੀ ਦਾ 300 ਸਾਲਾ ਜਨਮ ਦਿਹਾੜਾ ਉਨ੍ਹਾਂ ਦੇ ਪਿੰਡ ਪੂਹਲਾ ਵਿਖੇ 8 ਤੇ 9 ਅਕਤੂਬਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲੋਕਲ ਕਮੇਟੀ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

**-ਸਰਬਜੀਤ ਸਿੰਘ ਢੋਟੀਆਂ**






ਸਮੂਹ ਸਿੱਖ ਸੰਗਤਾਂ ਨੂੰ ਸ਼ਹੀਦ ਭਾਈ ਸੁਖਦੇਵ ਸਿੰਘ ਜੀ ਸੁੱਖਾ ਅਤੇ ਸ਼ਹੀਦ ਭਾਈ ਹਰਜਿੰਦਰ ਸਿੰਘ ਜੀ ਜਿੰਦਾ ਦੀ ਯਾਦ ਵਿੱਚ 13 ਅਕਤੂਬਰ ਦਿਨ ਐਤਵਾਰ ਨੂੰ ਸਵੇਰੇ 10 ਵਜੇ ਤੋਂ ਗੁਰੂ ਅਰਜਨ ਦੇਵ ਗੁਰਦੁਆਰਾ ਡਰਬੀ ਵਿਖੇ ਸਲਾਨਾ ਮਹਾਨ ਸ਼ਹੀਦੀ ਸਮਾਗਮ ਵਿੱਚ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ।

Open invitation to all Sikh sangat to attend the Annual Mahan Shaheedi Smagam in memory of Shaheed Bhai Sukhdev Singh Ji Sukha and Shaheed Bhai Harjinder Singh Ji Jinda on Sunday 13 October at Guru Arjan Dev Gurdwara Derby from 10am

ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਸੁਧਾਰ ਲਹਿਰ ਦੇ ਆਗੂਆਂ ਨੇ ਚੁੱਕੇ ਸਵਾਲ

# ਸੁਖਬੀਰ ਸਿੰਘ ਬਾਦਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀਆਂ ਧੱਜੀਆਂ ਉਡਾਈਆਂ

**ਚੰਡੀਗੜ੍ਹ, 9 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਸੁਖਬੀਰ ਸਿੰਘ ਬਾਦਲ ਨੇ ਆਪਣੇ ਸਿਆਸੀ ਮੁਫਾਦਾਂ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੁਕਮਨਾਮੇ ਦੀ ਘੋਰ ਉਲੰਘਣਾ ਕਰਕੇ ਇਹ ਸਾਬਿਤ ਕੀਤਾ ਹੈ ਕਿ ਓਹਨਾ ਲਈ ਪੰਥਕ ਮਰਿਯਾਦਾ ਦੀ ਕੋਈ ਅਹਿਮੀਅਤ ਨਹੀਂ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਭਾਈ ਮਨਜੀਤ ਸਿੰਘ, ਇੰਦਰਮੋਹਨ ਸਿੰਘ ਲਖਮੀਰਵਾਲਾ, ਜਸਵੰਤ ਸਿੰਘ ਪੂੜੈਣ, ਮਲਕੀਤ ਕੌਰ ਕਮਾਲਪੁੱਰ ਤਿੰਨੇ ਐਗਜੈਕਟਿਵ ਮੈਂਬਰ, ਅਮਰੀਕ ਸਿੰਘ ਸਾਹਪੁੱਰ, ਮਹਿੰਦਰ ਸਿੰਘ ਹੁਸੈਨਪੁਰ, ਪਰਮਜੀਤ ਕੌਰ ਲਾਂਡਰਾਂ, ਜਰਨੈਲ ਸਿੰਘ ਕਰਤਾਰਪੁੱਰ, ਮਿੱਠੂ ਸਿੰਘ ਕਾਹਨੇਕੇ ਅਤੇ ਸਤਵਿੰਦਰ ਸਿੰਘ ਟੌਹੜਾ ਨੇ ਅਫ਼ਸੋਸ ਜ਼ਾਹਿਰ ਕਰਦੀਆਂ ਕਿਹਾ, ਇਹ ਕੌਮ ਦੀ ਬਦਕਿਸਮਤੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਨੂੰ ਜਾਂ ਤਾਂ ਪੰਥਕ ਮਰਿਯਾਦਾ ਦੀ ਸਮਝ ਨਹੀਂ ਜਾਂ ਫਿਰ ਓਹ ਸਿਆਸੀ ਹੰਕਾਰ ਜ਼ਰੀਏ ਸਿੰਘ ਸਾਹਿਬਾਨਾਂ ਦੇ ਹੁਕਮ ਨੂੰ ਟਿੱਚ ਸਮਝਦੇ ਹਨ। ਸੁਧਾਰ ਲਹਿਰ ਦੇ ਆਗੂਆਂ ਨੇ ਕਿਹਾ ਕਿ ਅੱਜ ਜਦੋਂ ਅਚਾਨਕ ਓਹਨਾ ਸਾਹਮਣੇ ਸੁਖਬੀਰ ਸਿੰਘ ਬਾਦਲ ਦੀਆਂ ਜਨਤਕ ਸਮਾਗਮ ਵਿੱਚ ਸ਼ਮੂਲੀਅਤ ਦੀਆਂ ਤਸਵੀਰਾਂ ਆਈਆਂ ਤਾਂ ਓਹਨਾ ਨੂੰ ਬੜਾ ਗਹਿਰਾ ਦੁੱਖ ਲੱਗਾ ਅਤੇ ਅੱਜ ਸੁਖਬੀਰ ਸਿੰਘ ਬਾਦਲ ਨੇ ਇਸ ਗੱਲ ਤੇ ਮੋਹਰ ਲਗਾ ਦਿੱਤੀ ਕਿ ਓਹਨਾ ਲਈ ਮੀਰੀ ਪੀਰੀ ਦੇ ਸਿਧਾਂਤ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ। ਜਿਸ ਸਿਆਸਤ ਨੂੰ ਪੈਰਾਂ ਹੇਠ ਅਤੇ ਧਰਮ ਨੂੰ ਸਿਰ ਦਾ ਤਾਜ ਸਮਝਣਾ ਗੁਰਮਤਾ ਹੈ ਇਸ ਦੇ ਉਲਟ ਸੁਖਬੀਰ ਸਿੰਘ ਬਾਦਲ ਨੇ ਪੰਥਕ ਮਰਯਾਦਾ ਨੂੰ ਤਾਰ ਤਾਰ ਕੀਤਾ।

ਸੁਧਾਰ ਲਹਿਰ ਦੇ ਆਗੂਆਂ ਨੇ ਸਾਂਝੇ ਰੂਪ ਵਿੱਚ ਸੁਖਬੀਰ ਸਿੰਘ ਬਾਦਲ ਨੂੰ ਸਵਾਲ ਕੀਤਾ ਕਿ, ਖੁਦ ਸੁਖਬੀਰ ਸਿੰਘ ਬਾਦਲ ਇਹ ਦੱਸਣ ਦੀ ਖੇਚਲ ਕਰਨਗੇ ਕਿ, ਓਹਨਾ ਲਈ ਤਨਖਾਹੀਆ ਦਾ ਮਤਬਲ ਕੀ ਹੈ, ਜਾਂ ਆਪਣੇ ਸਿਆਸੀ ਸਾਥੀ ਤੋਂ ਹਿ ਪੁੱਛ ਲੈਣ ਜਿਨ੍ਹਾਂ ਨੇ ਕੁਝ ਦਿਨ ਪਹਿਲਾਂ ਇੱਕ ਨਿੱਜੀ ਟੀਵੀ ਤੇ ਤਨਖਾਹੀਆ ਕਰਾਰ ਵਿਅਕਤੀ ਨਾਲ ਕਿਸ ਤਰੀਕੇ ਦੇ ਸਬੰਧ ਰੱਖੇ ਜਾਣੇ ਚਾਹੀਦੇ ਨੇ, ਕਿਸ ਤਰੀਕੇ ਤਨਖਾਹੀਆ ਕਰਾਰ ਵਿਅਕਤੀ ਨੂੰ ਕਿਸ ਤਰਾਂ ਵਿਚਰਨਾ ਚਾਹੀਦਾ ਹੈ।

ਆਗੂਆਂ ਨੇ ਇਹ ਵੀ ਕਿਹਾ ਕਿ, ਪਿਛਲੇ ਸਮੇਂ ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਹੁਕਮ ਜਾਰੀ ਕੀਤਾ ਸੀ ਪੰਥਕ ਮਰਿਯਾਦਾ ਦੀ ਪਾਲਣਾ ਹਰ ਸਿੱਖ ਨੂੰ ਕਰਨੀ ਚਾਹੀਦੀ ਹੈ ਤੇ ਅਕਾਲੀ ਦਲ ਵਿੱਚ ਪੈਦਾ ਹੈ ਸੰਕਟ ਨੂੰ ਸ੍ਰੀ ਤਖ਼ਤ ਸਾਹਿਬ ਤੇ ਵਿਚਾਰਿਆ ਜਾ ਰਿਹਾ ਹੈ, ਜਿਸ ਦੇ ਚਲਦੇ ਕੋਈ ਨੇਤਾ ਬਿਆਨਬਾਜੀ ਤੋ ਗੁਰੇਜ ਕਰੇ, ਪਰ ਅੱਜ ਸੁਖਬੀਰ ਸਿੰਘ ਬਾਦਲ ਨੇ ਸਾਫ ਕਰ ਦਿੱਤਾ ਕਿ, ਓਹ ਪੰਥਕ ਮਖੌਟਾ ਪਾਏ ਹੋਏ ਲੀਡਰ ਨੇ, ਜਿਨਾ ਦਾ ਅਮਲੀ ਰੂਪ ਵਿੱਚ ਪੰਥਕ ਮਰਿਯਾਦਾ ਨਾਲ ਕੋਈ ਦੂਰ ਤੱਕ ਦਾ ਵੀ ਨਾਤਾ ਨਹੀਂ ਹੈ। ਇਸ ਦੇ ਨਾਲ ਹੀ ਪੰਥਕ ਸੁਧਾਰ ਲਹਿਰ ਦੇ ਆਗੂਆਂ ਨੇ, ਮੁੜ ਸਿੱਖ ਸੰਗਤ ਨੂੰ ਅਪੀਲ ਕੀਤੀ ਪੰਥਕ ਮਰਿਯਾਦਾ ਨੂੰ ਢਾਹ ਲਗਾਉਣ ਵਾਲੇ ਅਤੇ ਮਜ਼ਾਕ ਉਡਾਉਣ ਵਾਲੇ ਮਖੌਟੇ ਪਾਈ ਬੈਠੇ ਅਜਿਹੇ ਲੋਕਾਂ ਨੂੰ ਸਿੱਖ ਸੰਗਤ ਹੀ ਸ਼ਕਤੀ ਦਾ ਅਹਿਸਾਸ ਕਰਾਵੇ।

**ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੂੰ ਤੇ ਉਹਨਾਂ ਨੂੰ ਇਕੱਠ ਚ ਬੁਲਾਉਣ ਵਾਲਿਆਂ ਨੂੰ 'ਤਨਖਾਹੀਆ' ਸ਼ਬਦ ਦੇ ਮਤਲਬ ਤੱਕ ਦਾ ਨਾ ਪਤਾ ਹੋਣਾ, ਪੰਥਕ ਨਿਘਾਰ ਦੀ ਨਿਸ਼ਾਨੀ**

ਸਰਕਾਰੀ ਸਕੂਲਾਂ ਦੇ

# ਚਾਰ ਬਲਾਕਾਂ ਦੇ ਸਭਿਆਚਾਰ ਮੁਕਾਬਲੇ ਆਯੋਜਿਤ ਕਰਵਾਏ



**ਚੌਕ ਮਹਿਤਾ, 9 ਅਕਤੂਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਐਨਸੀਈਆਰਟੀ ਦੇ ਨੈਸ਼ਨਲ ਪਾਪੂਲੇਸ਼ਨ ਐਜੂਕੇਸ਼ਨ ਦੇ ਅੰਤਰਗਤ ਸਿੱਖਿਆ ਵਿਭਾਗ ਪੰਜਾਬ ਦੇ ਸਰਕਾਰੀ ਸਕੂਲਾਂ ਨੇ ਵਿਦਿਆਰਥੀਆਂ ਵਿੱਚ ਪੜਾਅਵਾਰ ਸਭਿਆਚਾਰ ਮੁਕਾਬਲੇ ਕਰਵਾਏ ਜਾ ਰਹੇ ਹਨ। ਇਸੇ ਤਹਿਤ ਅੰਮ੍ਰਿਤਸਰ ਦੇ ਚਾਰ ਐਜੂਕੇਸ਼ਨਲ ਬਲਾਕਾਂ ਰਈਆ-1, ਰਈਆ-2, ਜੰਡਿਆਲਾ ਗੁਰੂ ਅਤੇ ਤਰਸਿੱਕਾ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੇ ਬਲਾਕ ਪੱਧਰੀ ਮੁਕਾਬਲੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖਿਲਚੀਆਂ ਵਿਖੇ ਪ੍ਰਿੰਸੀਪਲ ਰਾਜੀਵ ਕੱਕੜ ਦੀ ਅਗਵਾਈ ਹੇਠ ਆਯੋਜਿਤ ਕਰਵਾਏ ਗਏ। ਇਸ ਵਿੱਚ ਪ੍ਰਬੰਧਕੀ ਟੀਮ ਇੰਚਾਰਜ ਲੈਕਚਰਾਰ ਮੈਡਮ ਭਾਰਤੀ ਸ਼ਰਮਾਂ, ਲੈਕ. ਗੁਰਿੰਦਰ ਕੌਰ, ਏਕਤਾ, ਰਾਜਬੀਰ ਕੌਰ ਅਤੇ ਮਨਦੀਪ ਕੌਰ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਦੇ ਇਨ੍ਹਾਂ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਦੇ ਰੋਲ ਪਲੇਅ ਅਤੇ ਲੋਕ ਨਾਚ ਦੇ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਸਕੂਲ ਆਫ਼ ਐਮੀਨੈਂਸ ਜੰਡਿਆਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖਿਲਚੀਆਂ, ਸਸਸਸ ਰਈਆ ਮੁੰਡੇ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਰਸਿੱਕਾ ਦੇ ਵਿਦਿਆਰਥੀ ਜੇਤੂ ਰਹੇ। ਇਨ੍ਹਾਂ ਮੁਕਾਬਲਿਆਂ ਵਿੱਚ ਜੱਜਾਂ ਦੀ ਭੂਮਿਕਾ ਲੈਕਚਰਾਰ ਨਰਿੰਦਰ ਸਿੰਘ ਰਾਏ, ਮਨਜਿੰਦਰ ਸਿੰਘ, ਮਮਤਾ ਰਾਣੀ, ਸੁਖਵਿੰਦਰ ਕੌਰ, ਵਿਸ਼ਾਲ ਅਲੂਣਾ, ਸੁਖਵਿੰਦਰ ਕੌਰ, ਨਮਨੀਤ ਕੌਰ, ਨਵਨੀਤ ਕੌਰ ਰੰਧਾਵਾ, ਮਾਣਕਜੀਤ ਕੌਰ, ਪ੍ਰਮਿੰਦਰ ਕੌਰ, ਸੀਮਾ ਚੌਪੜਾ ਅਤੇ ਜੋਬਨਜੀਤ ਕੌਰ ਵੱਲੋਂ ਬਾਖੂਬੀ ਨਿਭਾਈ ਗਈ।

ਟੈਲੀ ਫਿਲਮ "ਹਾਦਸਾ ਕਾਲਾ ਧੂੰਆਂ" ਵਿੱਚ ਦਮਦਾਰ ਭੂਮਿਕਾ ਨਿਭਾਉਣ ਵਾਲੀ ਅਦਾਕਾਰਾ

# ਸੁਮਨਦੀਪ ਕੌਰ ਸਰਾਂ ਤਲਵੰਡੀ ਦਾ ਵਿਸ਼ੇਸ਼ ਸਨਮਾਨ




**ਚੌਕ ਮਹਿਤਾ, 9 ਅਕਤੂਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਅਜੋਕੇ ਸਮੇਂ ਵਿੱਚ ਮਾਤ ਭਾਸ਼ਾ ਸਬੰਧੀ ਕਰਵਾਏ ਸੈਮੀਨਾਰ ਦੌਰਾਨ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਅਤੇ ਲੇਖਕ ਅਦਾਕਾਰ ਕਲਾ ਮੰਚ ਖਡੂਰ ਸਾਹਿਬ ਦੇ ਮੈਂਬਰਾਂ ਨੇ ਵੱਡੀ ਗਿਣਤੀ ਵਿੱਚ ਸ਼ਾਮੂਲੀਅਤ ਕੀਤੀ ਗਈ। ਇਸ ਮੌਕੇ ਪਰਾਲੀ ਪ੍ਰਬੰਧਾਂ ਅਤੇ ਸੜਕ ਹਾਦਸਿਆਂ ਬਾਰੇ ਜਾਗਰੂਕ ਕਰਦੀ ਟੈਲੀ ਫਿਲਮ "ਹਾਦਸਾ ਕਾਲਾ ਧੂੰਆਂ" ਵਿੱਚ ਦਮਦਾਰ ਭੂਮਿਕਾ ਨਿਭਾਉਣ ਵਾਲੀ ਅਦਾਕਾਰਾ ਸੁਮਨਦੀਪ ਕੌਰ ਸਰਾਂ ਤਲਵੰਡੀ ਨੂੰ ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੀਨੀਅਰ ਪੱਤਰਕਾਰ ਸ: ਸਤਨਾਮ ਸਿੰਘ ਮਾਣਕ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਡਾ: ਲਖਵਿੰਦਰ ਜੌਹਲ, ਅਦਾਕਾਰ ਕੇਵਲ ਧਾਲੀਵਾਲ, ਦੀਪ ਦਵਿੰਦਰ ਸਿੰਘ, ਮੱਖਣ ਕੁਹਾੜ, ਡਾ: ਸੁਰਜੀਤ ਸਿੰਘ ਭੱਟੀ, ਨੇ ਅਦਾਕਾਰਾ ਸੁਮਨਦੀਪ ਕੌਰ ਨੂੰ ਸਨਮਾਨਿਤ ਕੀਤਾ। ਇਸ ਮੌਕੇ ਬਾਬਾ ਬਕਾਲਾ ਸਾਹਿਬ ਤੋਂ ਸਭਾ ਦੇ ਖਜ਼ਾਨਚੀ ਮਨਜੀਤ ਸਿੰਘ ਵੱਸੀ, ਸੀਨੀਅਰ ਮੀਤ ਪ੍ਰਧਾਨ ਡਾ: ਪਰਮਜੀਤ ਸਿੰਘ ਬਾਠ, ਸੀਨੀਅਰ ਮੀਤ ਪ੍ਰਧਾਨ ਮੱਖਣ ਸਿੰਘ ਭੈਣੀਵਾਲਾ, ਸਤਨਾਮ ਸਿੰਘ ਸੱਤਾ ਜਸਪਾਲ, ਇੰਜੀਨੀਅਰ ਹਰਵੰਤ ਸਿੰਘ ਭੁੱਲਰ, ਪ੍ਰਚਾਰ ਸਕੱਤਰ ਸਕੱਤਰ ਸਿੰਘ ਪੁਰੇਵਾਲ, ਸੁਲੱਖਣ ਸਿੰਘ ਦਿਓਲ, ਦਿਲਰਾਜ ਸਿੰਘ ਦਰਦੀ, ਡਾ: ਰਮਨ ਕੁਮਾਰ, ਸਕੱਤਰ ਸਿੰਘ ਪੁਰੇਵਾਲ, ਪ੍ਰਧਾਨ ਗੁਰਪ੍ਰੀਤ ਸਿੰਘ ਪੁਰੇਵਾਲ, ਲਖਵਿੰਦਰ ਉੱਪਲ, ਸੁਨੀਤਾ ਰਾਣੀ, ਰਮਨਦੀਪ ਕੌਰ ਦਿਉਲ, ਰਾਜਬੀਰ ਕੌਰ ਜਲੰਧਰ, ਕਰਮਜੀਤ ਕੌਰ ਜਲੰਧਰ, ਸਰਬਜੀਤ ਕੌਰ, ਕਵਲਜੀਤ ਕੌਰ, ਗੁਰਸਿਮਰਨ ਸ਼ਰਮਾ, ਕੋਮਲਪ੍ਰੀਤ ਕੌਰ, ਨੈਤਿਕ ਸ਼ਰਮਾ, ਕਰਨਦੀਪ ਸਿੰਘ, ਮਨਰੀਤਜੋਤ ਕੌਰ, ਸਿਮਰਜੀਤ ਸਿੰਘ, ਅਰਮਾਨ ਜੋਤ ਸਿੰਘ ਦਿਉਲ ਆਦਿ ਹਾਜ਼ਰ ਸਨ।

# ਸਿਹਤ ਵਿਭਾਗ ਵਲੋਂ ਸਿਵਲ ਹਸਪਤਾਲ ਵਿਖੇ ਨਵੀਂ ਓ.ਟੀ.ਜੀ. ਡੈਂਟਲ (ਐਕਸ-ਰੇ) ਮਸ਼ੀਨ ਦਾ ਕੀਤਾ ਉਦਘਾਟਨ



**ਚੌਕ ਮਹਿਤਾ, 9 ਅਕਤੂਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਜਿਲ੍ਹਾ ਹਸਪਤਾਲ ਅੰਮ੍ਰਿਤਸਰ ਵਿਖੇ ਸਿਵਲ ਸਰਜਨ ਡਾ ਕਿਰਨਦੀਪ ਕੌਰ ਜੀ ਵਲੋਂ ਨਵੀਂ ਓ.ਟੀ.ਜੀ. ਡੈਂਟਲ (ਐਕਸ-ਰੇ) ਮਸ਼ੀਨ ਦਾ ਉਦਘਾਟਨ ਕਰਕੇ ਇਸਨੂੰ ਲੋਕ ਅਪਰਣ ਕੀਤਾ। ਇਸ ਅਵਸਰ ਤੇ ਡੀ.ਡੀ.ਐਚ.ਓ. ਡਾ ਜਗਨਜੋਤ ਕੌਰ ਦੀ ਅਗਵਾਹੀ ਹੇਠਾਂ ਜਿਲ੍ਹੇ ਭਰ ਦੇ ਸਮੂਹ ਡੈਂਟਲ ਮੈਡੀਕਲ ਅਫਸਰਾਂ ਵਲੋਂ ਉਹਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਤੇ ਡਾ ਕਿਨਦੀਪ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਇਹ ਬਹੁਤ ਹੀ ਸ਼ਲਾਘਾ ਯੋਗ ਕਦਮ ਹੈ, ਇਹ ਮਸ਼ੀਨਾਂ ਪੂਰੇ ਪੰਜਾਬ ਵਿਚ ਕੇਵਲ ਦੋ ਹੀ ਜਿਲ੍ਹਿਆਂ ਮੋਹਾਲੀ ਅਤੇ ਅੰਮ੍ਰਿਤਸਰ ਵਿੱਚ ਸਥਾਪਿਤ ਕੀਤੀਆਂ ਗਈਆਂ ਹਨ। ਉਹਨਾਂ ਕਿਹਾ ਕਿ ਇਹ ਇੱਕ ਆਧੁਨਿਕ ਟਕੈਨੋਲੋਜੀ ਨਾਲ ਲੈਸ ਮਸ਼ੀਨ ਹੈ। ਇਸ ਮਸ਼ੀਨ ਨਾਲ ਜਿਲ੍ਹੇ ਭਰ ਵਿਚ ਸਾਰੇ ਲੋੜਵੰਦ ਮਰੀਜਾਂ ਦੇ ਮੁਫਤ ਡੈਂਟਲ ਐਕਸ-ਰੇ ਕੀਤੇ ਜਾਣੇ ਸੰਭਵ ਹੋ ਸਕਣਗੇ ਅਤੇ ਖਾਸ ਕਰਕੇ ਗਰੀਬ ਮਰੀਜਾਂ ਲਈ ਇਹ ਵਰਦਾਨ ਸਾਬਤ ਹੋਵੇਗਾ। ਇਸ ਅਵਸਰ ਤੇ ਡਿਪਟੀ ਡਾਇਰੈਕਟਰ (ਡੈਂਟਲ) ਡਾ ਜਗਨਜੋਤ ਕੌਰ ਨੇ ਕਿਹਾ ਓ.ਟੀ.ਜੀ. ਡੈਂਟਲ (ਐਕਸ-ਰੇ) ਮਸ਼ੀਨ ਰਾਹੀਂ ਇਕੋ ਹੀ ਸਮੇਂ ਪੂਰੇ ਮੂੰਹ ਦੇ ਦੰਦਾਂ ਦਾ ਐਕਸ-ਰੇ ਕੀਤਾ ਜਾ ਸਕਦਾ ਹੈ। ਇਸ ਨਾਲ ਦੰਦਾਂ ਦੀਆਂ ਗੰਭੀਰ ਬੀਮਾਰੀਆਂ ਦਾ ਇਲਾਜ ਵਿਚ ਕਾਫੀ ਮਦਦ ਮਿਲੇਗੀ। ਇਸ ਮਸ਼ੀਨ ਦੀ ਮਦਦ ਨਾਲ ਜਿਲ੍ਹੇ ਭਰ ਦੀਆਂ ਵੱਖ-ਵੱਖ ਸੰਸਥਾਵਾਂ ਤੋਂ ਰੈਫਰ ਕੀਤੇ ਮਰੀਜਾਂ ਦੇ ਐਕ-ਰੇ ਵੀ ਕੀਤੇ ਜਾਣਗੇ। ਇਸ ਅਵਸਰ ਤੇ ਸੀਨੀਅਰ ਮੈਡੀਕਲ ਅਫਸਰ ਡਾ ਸਵਰਨਜੀਤ ਧਵਨ, ਡਿਪਟੀ ਮੈਡੀਕਲ ਕਮਿਸ਼ਨਰ ਡਾ ਗੁਰਮੀਤ ਕੌਰ, ਸੀਨੀਅਰ ਮੈਡੀਕਲ ਅਫਸਰ ਡਾ ਰਸ਼ਮੀਂ ਵਿਜ, ਜਿਲ੍ਹਾ ਐਮ.ਈ.ਆਈ.ਓ. ਅਮਰਦੀਪ ਸਿੰਘ, ਡਾ ਪਰਮਿੰਦਰ ਸਿੰਘ, ਡਾ ਸ਼ਬਨਮਦੀਪ ਕੌਰ, ਡਾ ਤਰਨਦੀਪ ਕੌਰ ਮੈਡਮ ਸੁਮਨ ਅਤੇ ਸਮੂਹ ਸਟਾਫ ਹਾਜਰ ਸਨ।

# ਹਠੂਰ ਤੋਂ ਸਰਪੰਚੀ ਦੇ ਉਮੀਦਵਾਰ ਦਵਿੰਦਰ ਸਿੰਘ ਬੱਬੀ ਗਰੇਵਾਲ ਦਾ ਕਾਫ਼ਲਾ ਦਿਨੋਂ ਦਿਨ ਹੋ ਰਿਹਾ ਵੱਡਾ

## ਨਗਰ ਨਿਵਾਸੀਆਂ ਦੇ ਬੇਹੱਦ ਪਿਆਰ ਅਤੇ ਸਤਿਕਾਰ ਸਦਕਾ ਜਿੱਤ ਵੱਲ ਵਧ ਰਹੇ ਹਾਂ : ਦਵਿੰਦਰ ਸਿੰਘ ਗਰੇਵਾਲ



**ਹਠੂਰ/ਜਗਰਾਉਂ -(ਵਰਿਆਮ ਹਠੂਰ)**-ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਕਸਬਾ ਹਠੂਰ ਦੀ ਭਾਗਾਂ ਭਰੀ ਧਰਤੀ ਤੋਂ ਸਰਪੰਚੀ ਦੀ ਚੋਣ ਲੜ ਰਹੀ ਬੇਦਾਗ. ਸ਼ਖਸੀਅਤ, ਦਵਿੰਦਰ ਸਿੰਘ ਬੱਬੀ ਗਰੇਵਾਲ ਜਿੰਨ੍ਹਾਂ ਦਾ ਕਾਫ਼ਲਾ ਦਿਨੋਂ ਦਿਨ ਵਿਸ਼ਾਲ ਹੁੰਦਾ ਜਾ ਰਿਹਾ ਹੈ। ਤੇ ਨਗਰ ਦੇ ਬਹੁ ਗਿਣਤੀ ਲੋਕ ਵੀ ਦਵਿੰਦਰ ਸਿੰਘ ਬੱਬੀ ਗਰੇਵਾਲ ਨੂੰ ਇੱਕ ਚੰਗਾ ਪੜ੍ਹਿਆ ਲਿਖਿਆ ਤੇ ਸੂਝਵਾਨ ਤੇ ਕਾਬਲ ਉਮੀਦਵਾਰ ਵਜੋਂ ਵੇਖ ਰਹੇ ਹਨ। ਤੇ ਉਨ੍ਹਾਂ ਤੋਂ ਨਗਰ ਨੂੰ ਖੂਬਸੂਰਤ ਬਣਾਉਣ ਦੀਆਂ ਆਸਾਂ ਤੇ ਉਮੀਦਾਂ ਲਾਈ ਬੈਠੇ ਹਨ। ਪ੍ਰੈੱਸ ਨਾਲ ਗੱਲਬਾਤ ਕਰਦਿਆਂ ਉਮੀਦਵਾਰ ਦਵਿੰਦਰ ਸਿੰਘ ਬੱਬੀ ਗਰੇਵਾਲ ਨੇ ਕਿਹਾ ਕਿ ਨਗਰ ਨਿਵਾਸੀਆਂ ਵੱਲੋਂ ਇੰਨ੍ਹਾਂ ਪਿਆਰ ਅਤੇ ਸਤਿਕਾਰ ਦਿੱਤਾ ਜਾ ਰਿਹਾ ਹੈ ਕਿ ਮਨ ਬਾਗੋ. ਬਾਗ. ਹੈ। ਤੇ ਮੈਂ ਨਗਰ ਨਿਵਾਸੀਆਂ ਦੇ ਇਸ ਪਿਆਰ ਦਾ ਹਮੇਸ਼ਾ ਕਰਜ਼ਦਾਰ ਰਹਾਂਗਾ, ਨਗਰ ਨਿਵਾਸੀਆਂ ਦੇ ਪਿਆਰ ਅਤੇ ਸਤਿਕਾਰ ਸਦਕਾ ਜਿੱਤ ਵੱਲ ਵਧ ਰਹੇ ਹਾਂ, ਸਮੂਹ ਨਗਰ ਦਾ ਧੰਨਵਾਦ ਜੋ ਦਾਸ ਤੇ ਇੰਨ੍ਹਾਂ ਵਿਸ਼ਵਾਸ ਬਣਾ ਕੇ ਬੈਠੇ ਹਨ। ਉਨ੍ਹਾਂ ਕਿਹਾ ਕਿ ਜੇਕਰ ਵਾਹਿਗੁਰੂ ਦੀ ਕਿਰਪਾ ਸਦਕਾ ਨਗਰ ਨੇ ਉਨ੍ਹਾਂ ਨੂੰ ਸੇਵਾਦਾਰ ਚੁਣ ਲਿਆ ਤਾਂ ਉਹ ਲੋਕਾਂ ਦੀ ਕੀਮਤੀ ਵੋਟ ਦਾ ਮੁੱਲ ਨਗਰ ਦੇ ਵਿਕਾਸ ਕਾਰਜਾਂ ਰਾਹੀਂ ਮੋੜਨਗੇ, ਤੇ ਸਰਕਾਰਾਂ ਵੱਲੋਂ ਦਿੱਤੀਆਂ ਜਾਣ ਵਾਲੀਆਂ ਗਰਾਂਟਾ ਦਾ ਇੱਕ ਇੱਕ ਪੈਸਾ ਨਗਰ ਦੇ ਵਿਕਾਸ ਕਾਰਜਾਂ ਤੇ ਖ਼ਰਚ ਕੀਤਾ ਜਾਵੇਗਾ, ਅੰਤ ਵਿੱਚ ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਘੜਾ ਚੋਣ ਨਿਸ਼ਾਨ ਹਰਮਨ ਪਿਆਰਾ ਚੋਣ ਨਿਸ਼ਾਨ ਬਣ ਰਿਹਾ ਹੈ। ਤੇ ਬਾਹਰਲੇ ਮੁਲਕਾਂ ਦੀ ਧਰਤੀ ਤੇ ਵਸਦੀਆਂ ਨਗਰ ਦੀਆਂ ਸਤਿਕਾਰਯੋਗ ਸ਼ਖ਼ਸੀਅਤਾਂ ਵੱਲੋਂ ਵੀ ਉਨ੍ਹਾਂ ਨੂੰ ਰੱਜਵਾਂ ਪਿਆਰ ਮਿਲ ਰਿਹਾ ਹੈ। ਤੇ ਨਗਰ ਨੂੰ ਖੂਬਸੂਰਤ ਬਣਾਉਣ ਲਈ ਦਿਲ ਤੋਂ ਕੰਮ ਕਰਾਂਗੇ ਇਹ ਨਗਰ ਨਿਵਾਸੀਆਂ ਨਾਲ ਵਾਅਦਾ ਹੈ।

# ਜਿਲ੍ਹਾ ਮੈਜਿਸਟਰੇਟ ਪਠਾਨਕੋਟ ਨੇ ਰਾਤ ਦੇ ਸਮੇਂ ਕੰਬਾਇਨ ਨਾਲ ਝੋਨੇ ਦੀ ਕਟਾਈ ਤੇ ਲਗਾਈ ਪਾਬੰਦੀ

**ਪਠਾਨਕੋਟ, 9 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਜਿਲ੍ਹਾ ਮੈਜਿਸਟਰੇਟ ਪਠਾਨਕੋਟ ਸ੍ਰੀ ਆਦਿੱਤਿਆ ਉੱਪਲ ਜੀ ਨੇ ਇੱਕ ਹੁਕਮ ਜਾਰੀ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ ਕਿ ਆਮ ਤੋਰ ਤੇ ਝੋਨੇ ਦੀ ਕਟਾਈ ਕੰਬਾਇਨਾਂ ਨਾਲ ਕੀਤੀ ਜਾਂਦੀ ਹੈ ਅਤੇ ਕੰਬਾਇਨ ਮਾਲਕ ਅਤੇ ਕਿਸਾਨ ਝੋਨੇ ਦੀ ਕਟਾਈ ਦੇ ਸਹੀ ਸਮੇਂ ਬਾਰੇ ਜਾਣਕਾਰੀ ਨਹੀਂ ਦਿੰਦੇ। ਕਿਸਾਨਾਂ ਨੂੰ ਜਦੋਂ ਵੀ ਕੰਬਾਇਨ ਉਪਲੱਬਦ ਹੁੰਦੀ ਹੈ ਤਾਂ ਉਨ੍ਹਾਂ ਵੱਲੋਂ ਉਸੇ ਸਮੇਂ ਝੋਨੇ ਦੀ ਕਟਾਈ ਕਰ ਲਈ ਜਾਂਦੀ ਹੈ ਭਾਵੇ ਉਸ ਵੇਲੇ ਰਾਤ ਹੋਵੇ। ਇਸ ਤਰ੍ਹਾਂ ਕਿਸਾਨਾਂ ਵੱਲੋਂ ਅਣ ਪੱਕਿਆ ਅਤੇ ਨਮੀ ਵਾਲੇ ਝੋਨੇ ਦੀ ਕਟਾਈ ਕਰਵਾ ਲਈ ਜਾਂਦੀ ਹੈ। ਅਜਿਹੇ ਝੌਨੇ ਨੂੰ ਖਰੀਦਣ ਲਈ ਖਰੀਦ ਏਜੰਸੀਆਂ ਗੁਰੇਜ ਕਰਦੀਆਂ ਹਨ, ਜਿਸ ਨਾਲ ਕਿਸਾਨਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਇੱਕ ਹੁਕਮ ਜਾਰੀ ਕਰਦਿਆਂ ਕਿਹਾ ਕਿ ਜਿਲ੍ਹਾ ਪਠਾਨਕੋਟ ਵਿੱਚ ਸਾਮ 6 ਵਜੇ ਤੋਂ ਸਵੇਰੇ 10 ਵਜੇ ਤੱਕ ਕੰਬਾਇਨਾਂ ਨਾਲ ਝੋਨੇ ਦੀ ਕਟਾਈ ਕਰਨ ਤੇ ਪਾਬੰਦੀ ਲਗਾਈ ਜਾਂਦੀ ਹੈ ਅਤੇ ਇਸ ਦੇ ਨਾਲ ਹੀ ਜਿਲ੍ਹਾ ਪਠਾਨਕੋਟ ਅੰਦਰ ਝੋਨੇ ਦੀ ਕਟਾਈ ਕਰਨ ਵਾਲੀਆਂ ਕੰਬਾਇਨਾਂ ਦੇ ਮਾਲਕਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਕੰਬਾਇਨ ਹਾਰਵੇਸਟਰ ਦੀ ਵਰਤੋ ਕਰਨ ਤੋਂ ਪਹਿਲਾ ਇਸਦੀ ਖੇਤੀ ਬਾੜੀ ਵਿਭਾਗ ਰਾਹੀ ਆਪਰੇਸਨਲ ਬਾਰੇ ਇੰਸਪੈਕਸਨ ਕਰਵਾਉਂਣ ਅਤੇ ਕੋਈ ਵੀ ਕੰਬਾਇਨ ਹਾਰਵੇਸਟਰ ਸੁਪਰ ਐਸ.ਐਮ.ਐਸ. ਲਗਾਏ ਬਿਨਾਂ ਨਹੀਂ ਵਰਤੀ ਜਾਵੇਗੀ।




ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

ਭਾਰਤ ਦੀ ਅਜ਼ਾਦੀ ਪਿੱਛੋਂ

# ਹਿੰਦੂਤਵੀ ਹਾਕਮਾਂ ਨੇ ਸਿੱਖਾਂ ਨੂੰ 'ਜਰਾਇਮ ਪੇਸ਼ਾ ਲੋਕ' ਐਲਾਨਿਆ




ਭਾਰਤ ਨੂੰ ਅਜ਼ਾਦ ਕਰਵਾਉਣ ਲਈ ਸਿੱਖ ਕੌਮ ਨੇ ਸਭ ਤੋਂ ਵੱਧ ਸ਼ਹਾਦਤਾਂ ਤੇ ਕੁਰਬਾਨੀਆਂ ਦਿੱਤੀਆਂ। ਅੰਗਰੇਜ਼ ਸਰਕਾਰ ਨੇ ਸਿੱਖ ਕੌਮ 'ਤੇ ਬੇਤਹਾਸ਼ਾ ਜ਼ੁਲਮ ਢਾਹਿਆ ਤੇ ਸਿੱਖਾਂ ਦੀਆਂ ਜਾਇਦਾਦਾਂ ਵੀ ਜ਼ਬਤ ਕਰ ਲਈਆਂ। ਅਜ਼ਾਦੀ ਲਈ ਸਿੱਖਾਂ ਨੇ ਆਪਣੀਆਂ ਹਿੱਕਾਂ ਤੋਪਾਂ ਅੱਗੇ ਡਾਹੀਆਂ, ਕਾਲ਼ੇ ਪਾਣੀ ਦੀਆਂ ਸਜ਼ਾਵਾਂ ਭੋਗੀਆਂ, ਫਾਂਸੀਆਂ ਦੇ ਰੱਸੇ ਚੁੰਮੇ, ਸੀਨੇ 'ਚ ਗੋਲ਼ੀਆਂ ਖਾਧੀਆਂ, ਲੰਮੀਆਂ ਜੇਲ੍ਹਾਂ ਕੱਟੀਆਂ ਤੇ ਅੰਗਰੇਜ਼ ਹਕੂਮਤ ਦੇ ਹਰ ਤਰ੍ਹਾਂ ਦੇ ਤਸ਼ੱਦਦ ਨੂੰ ਆਪਣੇ ਪਿੰਡੇ 'ਤੇ ਸਹਾਰਿਆ। ਅੰਗਰੇਜ਼ ਹਕੂਮਤ ਸਮੇਂ ਸਿੱਖ ਕੌਮ ਨੇ ਇੱਕ ਪਲ਼ ਵੀ ਚੈਨ ਨਾ ਮਾਣਿਆ ਤੇ ਅੰਗਰੇਜ਼ ਸਾਮਰਾਜ ਨੂੰ ਐਸੀ ਲਹੂ ਵਿੱਢਵੀਂ ਟੱਕਰ ਦਿੱਤੀ ਕਿ ਗੋਰੇ, ਭਾਰਤ ਨੂੰ ਛੱਡਣ ਲਈ ਮਜ਼ਬੂਰ ਹੋ ਗਏ ਤੇ 15 ਅਗਸਤ 1947 ਨੂੰ ਭਾਰਤ ਅਜ਼ਾਦ ਹੋਇਆ ਪਰ ਸਿੱਖ ਕੌਮ, ਗੋਰਿਆਂ ਦੀ ਗ਼ੁਲਾਮੀ 'ਚੋਂ ਨਿਕਲ਼ ਕੇ ਕਾਲ਼ਿਆਂ ਦੀ ਗ਼ੁਲਾਮੀ 'ਚ ਫਸ ਗਈ।



ਦੇਸ਼ ਦੇ ਹਿੰਦੂਤਵੀ ਹਾਕਮਾਂ ਨੇ ਸਿੱਖਾਂ ਨਾਲ਼ ਅਜ਼ਾਦੀ ਤੋਂ ਪਹਿਲਾਂ ਜੋ ਵਾਅਦੇ ਕੀਤੇ ਸਨ, ਉਹ ਭੁਲਾ ਦਿੱਤੇ ਤੇ ਨਹਿਰੂ ਕਹਿੰਦਾ ਕਿ "ਅਬ ਸਮਾਂ ਬਦਲ ਚੁੱਕਾ ਹੈ।" ਮੁਸਲਿਮ ਆਗੂ ਜਿਨਾਹ ਦੀ ਭਵਿੱਖਬਾਣੀ ਸੱਚ ਸਾਬਤ ਹੋਈ ਕਿ "ਸਿੱਖੋ! ਤੁਸੀਂ ਹਿੰਦੂ ਨੂੰ ਅਜੇ ਗ਼ੁਲਾਮ ਰੂਪ 'ਚ ਵੇਖਿਆ ਹੈ, ਅਜ਼ਾਦੀ ਤੋਂ ਬਾਅਦ ਜਦੋਂ ਹਿੰਦੂ ਹਾਕਮ ਹੋਣਗੇ ਤਾਂ ਤੁਹਾਡੇ ਨਾਲ਼ ਗ਼ੁਲਾਮਾਂ ਤੋਂ ਭੈੜਾ ਵਤੀਰਾ ਕਰਨਗੇ ਫਿਰ ਇਹਨਾਂ ਦਾ ਅਸਲੀ ਚਿਹਰਾ ਤੁਹਾਡੇ ਸਾਹਮਣੇ ਹੋਵੇਗਾ।" ਓਹੀ ਗੱਲ ਹੋਈ ਭਾਰਤ ਦੀ ਅਜ਼ਾਦੀ ਪਿੱਛੋਂ ਸਿੱਖਾਂ ਨੂੰ ਨ਼ਫਰਤ ਦੀ ਨਿਗ੍ਹਾ ਨਾਲ਼ ਵੇਖਿਆ ਜਾਣ ਲੱਗਾ ਤੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਹਿੰਦੂਤਵੀ ਤਾਕਤਾਂ ਨੇ ਸਾਜਿਸ਼ਾਂ ਰਚਣੀਆਂ ਸ਼ੁਰੂ ਕਰ ਦਿੱਤੀਆਂ। ਇਸ ਕੁਲਹਿਣੀ ਅਜ਼ਾਦੀ ਨੇ ਸਾਡੇ ਜਾਨੋਂ-ਪਿਆਰੇ ਗੁਰਧਾਮ ਸਾਥੋਂ ਵਿਛੋੜ ਦਿੱਤੇ, ਪੰਜਾਬ ਦੇ ਦੋ ਟੁਕੜੇ ਹੋ ਗਏ, ਹਿੰਦੂਤਵੀਆਂ ਨੇ ਸਾਨੂੰ ਬਰਬਾਦ ਕਰਨ ਲਈ ਘਟੀਆ ਤੇ ਘਿਨੌਣੀਆਂ ਚਾਲਾਂ ਚੱਲ ਕੇ ਹਜ਼ਾਰਾਂ-ਲੱਖਾਂ ਸਿੱਖਾਂ ਤੇ ਮੁਸਲਮਾਨਾਂ ਨੂੰ ਵੰਡ ਦੇ ਨਾਂਅ 'ਤੇ ਆਪਸ 'ਚ ਲੜਾ ਕੇ ਮੌਤ ਦੇ ਘਾਟ ਉਤਰਵਾ ਦਿੱਤਾ। ਆਪਣੇ ਘਰਾਂ, ਜ਼ਮੀਨਾਂ ਤੇ ਜਾਇਦਾਦਾਂ ਨੂੰ ਛੱਡ ਕੇ ਉੱਜੜੀ ਸਿੱਖ ਕੌਮ ਸ਼ਰਨਾਰਥੀ ਕੈਂਪਾਂ 'ਚ ਧੱਕੇ ਖਾ ਰਹੀ ਸੀ, ਹਾਲੇ ਸਾਡਾ ਰੈਣ-ਬਸੇਰਾ ਵੀ ਨਹੀਂ ਸੀ ਹੋਇਆ ਕਿ ਹਿੰਦੂਤਵੀ ਆਗੂਆਂ ਵੱਲਭ ਭਾਈ ਪਟੇਲ ਅਤੇ ਜਵਾਹਰ ਲਾਲ ਨਹਿਰੂ ਦੀ ਆਗੂਆਂ ਅਤੇ ਇੱਛਾ ਅਨੁਸਾਰ 10 ਅਕਤੂਬਰ 1947 ਨੂੰ ਪੰਜਾਬ ਦੇ ਹਿੰਦੂਤਵੀ ਗਵਰਨਰ 'ਚੰਦੂ ਲਾਲ ਤ੍ਰਿਵੇਦੀ' ਨੇ ਸੂਬੇ ਦੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਇੱਕ ਗੁਪਤ ਨੀਤੀ ਪੱਤਰ (ਸਰਕੂਲਰ) ਜਾਰੀ ਕਰ ਦਿੱਤਾ ਕਿ "ਸਿੱਖ ਜਮਾਂਦਰੂ ਫ਼ਸਾਦੀ ਅਤੇ ਜਰਾਇਮ ਪੇਸ਼ਾ ਲੋਕ ਹਨ। ਮਾਰ-ਧਾੜ, ਲੁੱਟ-ਮਾਰ ਤੇ ਇਸਤਰੀ-ਹਰਣ ਕਰਨੀ ਤੇ ਸੂਬੇ ਦੀ ਸ਼ਾਂਤੀ ਖਰਾਬ ਕਰਨ 'ਚ ਸਿੱਖ ਮੋਹਰੀ ਹਨ। ਸੂਬੇ ਦੇ ਸ਼ਾਂਤੀ-ਪਸੰਦ ਹਿੰਦੂਆਂ ਲਈ ਸਿੱਖ ਖ਼ਤਰਾ ਬਣੇ ਹੋਏ ਹਨ। ਇਹਨਾਂ ਉੱਤੇ ਕਰੜੀ ਨਿਗ੍ਹਾ ਰੱਖੀ ਜਾਵੇ ਤੇ ਸਖ਼ਤੀ ਨਾਲ਼ ਨਜਿੱਠਿਆ ਜਾਵੇ। ਇਹਨਾਂ ਨੂੰ ਮਾਰੋ, ਕੁੱਟੋ ਤੇ ਗੋਲ਼ੀਆਂ ਨਾਲ਼ ਮਾਰ ਸੁੱਟੋ। ਇਹ ਕੰਮ ਸਰਕਾਰੀ ਪੱਧਰ ਉੱਤੇ ਬਿਨਾਂ ਕਾਨੂੰਨ-ਨਿਆਂ ਵਿਚਾਰੇ, ਐਸੀ ਤੱਦੀ ਨਾਲ਼ ਕੀਤਾ ਜਾਵੇ ਕਿ ਸਿੱਖਾਂ ਨੂੰ ਹੋਸ਼ ਆ ਜਾਏ ਕਿ ਰਾਜਾ ਕੌਣ ਤੇ ਪਰਜਾ ਕੌਣ।"

ਅਜ਼ਾਦੀ ਤੋਂ ਪਹਿਲਾਂ ਹਿੰਦੂਤਵੀਆਂ ਨੂੰ ਦਲੇਰ, ਇਮਾਨਦਾਰ, ਦੇਸ਼-ਭਗਤ, ਬਹਾਦਰ ਅਤੇ ਇਹਨਾਂ ਦੀਆਂ ਧੀਆਂ-ਭੈਣਾਂ ਦੀਆਂ ਇੱਜ਼ਤਾਂ ਦੇ ਰਾਖੇ ਦਿਸਣ ਵਾਲ਼ੇ ਸਿੱਖ ਹੁਣ ਅਜ਼ਾਦੀ ਤੋਂ 55 ਦਿਨਾਂ ਬਾਅਦ ਹੀ ਹਿੰਦੂਆਂ ਨੂੰ ਖ਼ਤਰਨਾਕ ਚੋਰ-ਲੁਟੇਰੇ ਤੇ ਡਾਕੂ ਦਿਸਣ ਲਗ ਪਏ। ਇਹ ਹਿੰਦੂ ਕੌਮ ਦੀ ਅਕ੍ਰਿਤਘਣਤਾ ਦੀ ਸਿਖ਼ਰ ਨਹੀਂ ਤਾਂ ਹੋ ਕੀ ਸੀ ? ਜਿਨ੍ਹਾਂ ਦੀਆਂ ਗਜ਼ਨੀ ਦੇ ਬਜ਼ਾਰਾਂ 'ਚ ਟਕੇ-ਟਕੇ 'ਤੇ ਵਿਕਦੀਆਂ ਬਹੂ-ਬੇਟੀਆਂ ਦੀਆਂ ਇੱਜ਼ਤਾਂ ਮੁ਼ਗਲਾਂ ਤੇ ਪਠਾਣਾਂ ਤੋਂ ਗੁਰੂ ਕੇ ਸਿੰਘ ਆਪਣਾ ਸੀਸ ਤਲ਼ੀ 'ਤੇ ਧਰ ਕੇ ਬਚਾਉਂਦੇ ਰਹੇ ਤੇ ਛੁਡਵਾ ਕੇ ਸਹੀ-ਸਲਾਮਤ ਘਰ ਪਹੁੰਚਾਉਂਦੇ ਰਹੇ। ਉਸ ਸਮੇਂ ਕਹਾਵਤ ਸੀ "ਛਈ ਬਾਬਾ ਛਈ, ਰੰਨ ਬਸਰੇ ਨੂੰ ਗਈ, ਮੋੜੀਂ ਬਾਬਾ ਕੱਛ ਵਾਲ਼ਿਆ, ਰੰਨ ਬਸਰੇ ਨੂੰ ਗਈ।" ਪਰ ਹੁਣ ਉਹਨਾਂ ਹੀ ਹਿੰਦੂਆਂ ਨੇ ਅਜ਼ਾਦੀ ਤੋਂ ਬਾਅਦ ਸਾਡੀ ਸਿੱਖ ਕੌਮ ਨੂੰ ਭੰਡਣਾ, ਬਦਨਾਮ ਕਰਨਾ ਤੇ ਖ਼ਤਮ ਕਰਨਾ ਸ਼ੁਰੂ ਕਰ ਦਿੱਤਾ। ਉਸ ਸਮੇਂ ਦੇ ਡਿਪਟੀ ਕਮਿਸ਼ਨਰ ਸ. ਕਪੂਰ ਸਿੰਘ ਆਈ.ਸੀ.ਐੱਸ. (ਪ੍ਰੋ਼ਫੈਸਰ ਆ਼ਫ ਸਿੱਖਇੱਜ਼ਮ) ਨੇ ਇਸ ਸਰਕੂਲਰ ਵਿਰੁੱਧ ਜ਼ੋਰਦਾਰ ਆਵਾਜ਼ ਬੁਲੰਦ ਕੀਤੀ ਤੇ 'ਸਾਚੀ ਸਾਖੀ' ਕਿਤਾਬ ਵਿੱਚ ਇਸ ਦਾ ਪੂਰਾ ਵੇਰਵਾ ਵੀ ਦਿੱਤਾ।

ਸਰਦਾਰ ਠਾਕਰ ਸਿੰਘ ਸੰਧਾਵਾਲ਼ੀਆ ਦੀ ਭਵਿੱਖਬਾਣੀ ਸੱਚ ਹੋਈ ਕਿ "ਗੁਰੂ ਨਾ ਕਰੇ, ਜੇ ਕਦੇ ਸਿੱਖ ਹਿੰਦੂਆਂ ਦੇ ਹੇਠਾਂ ਆ ਗਏ ਤਾਂ ਸਿੱਖਾਂ ਸਾਹਮਣੇ ਸਵਾਲ ਜ਼ਿੰਦਗੀ ਦੇ ਬਚਾਅ ਦਾ ਹੋਵੇਗਾ, ਰਾਜਭਾਗ ਵਿੱਚ ਹਿੱਸੇਦਾਰ ਬਣਨ ਦਾ ਨਹੀਂ।" ਜਿਵੇਂ ਹਿੰਦਤੁਵੀਆਂ ਨੇ ਸਿੱਖਾਂ ਵਿਰੁੱਧ ਸਰਕੂਲਰ ਜਾਰੀ ਕੀਤਾ ਇਵੇਂ ਹੀ ਮੁਗਲ ਹਕੂਮਤ ਵੇਲ਼ੇ ਐਲਾਨ ਹੁੰਦੇ ਸਨ ਕਿ ਗੁਰੂ ਨਾਨਕ ਨੂੰ ਮੰਨਣ ਵਾਲ਼ੇ ਸਿੱਖ ਜਿੱਥੇ ਵੀ ਨਜ਼ਰ ਆਉਣ ਕਤਲ ਕਰ ਦਿੱਤੇ ਜਾਣ, ਸਿੱਖਾਂ ਦੇ ਸਿਰਾਂ ਦੇ ਮੁੱਲ ਪਏ, ਪੱਤਾ-ਪੱਤਾ ਸਿੰਘਾਂ ਦਾ ਵੈਰੀ ਬਣ ਗਿਆ ਸੀ।

ਗੋਰਿਆਂ ਤੋਂ ਖੋਹੀ ਅਜ਼ਾਦੀ ਹੀ ਹੁਣ ਸਾਡੇ ਲਈ ਖ਼ਤਰੇ ਦੀ ਘੰਟੀ ਬਣ ਗਈ। ਸਿੱਖਾਂ ਦੇ ਸੱਭਿਆਚਾਰ, ਇਤਿਹਾਸ, ਵਿਰਸੇ ਤੇ ਅਣਖ਼ ਉੱਤੇ ਹਿੰਦੂਤਵੀਆਂ ਨੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ ਜੋ ਬਾ-ਦਸਤੂਰ ਜਾਰੀ ਹਨ। ਸਾਡਾ ਸਭ ਕੁਝ ਦਾਅ ਉੱਤੇ ਲਗ ਚੁੱਕਾ ਹੈ। ਦੁਸ਼ਮਣ ਬੜਾ ਚਲਾਕ, ਕਮੀਨਾ ਤੇ ਸ਼ਾਤਰ ਹੈ ਤੇ ਸਿੱਖ ਬੜਾ ਭੋਲ਼ਾ। ਅਜ਼ਾਦੀ ਤੋਂ ਪਹਿਲਾਂ ਕੀਤੇ ਵਾਅਦੇ ਪੂਰੇ ਨਾ ਹੋਏ, ਉਲ਼ਟਾ ਪੰਜਾਬ ਦੇ ਤਿੰਨ ਵਾਰ ਟੋਟੇ ਕਰ ਦਿੱਤੇ, ਸਾਡੇ ਦਰਿਆਈ ਪਾਣੀ ਲੁੱਟ ਲਏ, ਬਿਜਲੀ ਤੋਂ ਕੰਟਰੋਲ ਖੋਹ ਲਿਆ, ਪੰਜਾਬੀ ਬੋਲਦੇ ਇਲਾਕੇ ਵੀ ਹੜੱਪ ਲਏ, ਚੰਡੀਗੜ੍ਹ ਰਾਜਧਾਨੀ ਵੀ ਨਾ ਮਿਲ਼ੀ, ਜੂਨ 1984 'ਚ ਸ੍ਰੀ ਦਰਬਾਰ ਸਾਹਿਬ ਉੱਤੇ ਹਮਲਾ, ਸੰਤ ਜਰਨੈਲ ਸਿੰਘ ਅਤੇ ਹਜ਼ਾਰਾਂ ਸੰਗਤਾਂ ਦੀ ਸ਼ਹੀਦੀ, ਨਵੰਬਰ 1984 ਸਿੱਖਾਂ ਦੀ ਨਸਲਕੁਸ਼ੀ, ਫਿਰ ਝੂਠੇ ਪੁਲਿਸ ਮੁਕਾਬਲਿਆਂ ਦਾ ਦੌਰ ਤੇ ਹੁਣ ਨਸ਼ਿਆਂ ਰਾਹੀਂ ਪੰਜਾਬ ਦੀ ਜਵਾਨੀ ਦਾ ਘਾਣ, ਕਿਸਾਨੀ ਖ਼ੁਦਕੁਸ਼ੀਆਂ ਦੇ ਰਾਹ 'ਤੇ, ਸਿੱਖਾਂ ਅਤੇ ਪੰਜਾਬ ਦੀ ਹਰ ਪਾਸਿਓਂ ਘੇਰਾਬੰਦੀ ਕੀਤੀ ਗਈ ਹੈ।

ਸਿੱਖ ਵਾਰ-ਵਾਰ ਹਿੰਦੂਤਵੀਆਂ ਦੇ ਝਾਂਸੇ 'ਚ ਫਸਦਾ ਜਾ ਰਿਹਾ ਹੈ। ਹਿੰਦੂ ਮੱਤ ਨੇ ਜਿਵੇਂ ਜੈਨ ਧਰਮ ਅਤੇ ਬੁੱਧ ਧਰਮ ਦਾ ਗਲ਼ਾ ਘੁੱਟ ਦਿੱਤਾ ਇਵੇਂ ਹੀ ਸਾਡਾ ਘੁੱਟਿਆ ਜਾ ਰਿਹਾ ਹੈ। ਹਿੰਦੂਵਾਦੀ ਤਾਕਤਾਂ ਸਾਨੂੰ ਭਰਾ ਬਣਾ ਕੇ ਗਲਵਕੜੀ 'ਚ ਲੈ ਕੇ ਘੁੱਟਣ-ਮਾਰਨ ਲਈ ਲਗਾਤਾਰ ਯਤਨਸ਼ੀਲ ਹਨ। ਸਿੱਖ ਧਰਮ ਨੂੰ ਬੜੇ ਸ਼ਾਤਰਾਨਾ ਤਰੀਕੇ ਨਾਲ਼ ਹਿੰਦੂ ਧਰਮ 'ਚ ਜਜ਼ਬ ਕੀਤਾ ਜਾ ਰਿਹਾ ਹੈ। ਹਿੰਦੂਤਵ ਸਾਡੀ ਅੱਡਰੀ, ਨਿਆਰੀ ਤੇ ਵਿਲੱਖਣ ਹੋਂਦ ਨੂੰ ਖੋਰਾ ਲਾ ਰਿਹਾ ਹੈ, ਸਾਡੇ ਇਤਿਹਾਸਕ ਗੁਰਦੁਆਰੇ ਢਾਹੇ ਜਾ ਰਹੇ ਹਨ, ਇਤਿਹਾਸ ਬਦਲਿਆ ਜਾ ਰਿਹਾ ਹੈ, ਕਕਾਰਾਂ 'ਤੇ ਪਬੰਦੀਆਂ ਲਗ ਰਹੀਆਂ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਨਿਰੰਤਰ ਬੇਅਦਬੀਆਂ ਹੋ ਰਹੀਆਂ ਹਨ, ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਵੀ ਬੰਦੀ ਸਿੰਘ ਰਿਹਾਅ ਨਹੀਂ ਕੀਤੇ ਜਾ ਰਹੇ। ਸਿੱਖਾਂ ਨੂੰ ਇਹ ਗੱਲ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ ਕਿ ਭਾਰਤ 'ਚ ਸਿੱਖ ਕਦੇ ਵੀ ਸੁੱਖ ਦਾ ਸਾਹ ਨਹੀਂ ਲੈ ਸਕਦੇ, ਦੇਸ਼ ਦੇ ਹਿੰਦੂਤਵੀ ਹਾਕਮ ਵਾਰ-ਵਾਰ ਸਿੱਖਾਂ ਨੂੰ ਸਤਾਉਣਗੇ, ਡਰਾਉਣਗੇ ਤੇ ਧਮਕਾਉਣਗੇ ਤੇ ਵਾਰ-ਵਾਰ ਸਾਨੂੰ 'ਜਰਾਇਮ ਪੇਸ਼ਾ ਲੋਕ' ਕਹਿ ਕੇ ਤੋਹ਼ਫੇ ਦਿੱਤੇ ਜਾਣਗੇ, ਸਾਡੇ ਜਜ਼ਬਾਤਾਂ ਤੇ ਭਾਵਨਾਵਾਂ ਨਾਲ਼ ਖਿਲਵਾੜ ਕਦੇ ਬੰਦ ਨਹੀਂ ਹੋਵੇਗਾ। ਕਦੇ ਸਾਨੂੰ ਅੱਤਵਾਦੀ, ਕਦੇ ਵੱਖਵਾਦੀ, ਕਦੇ ਦਹਿਸ਼ਤ-ਗਰਦ, ਕਦੇ ਪਾਕਿਸਤਾਨ ਦੇ ਪਿੱਠੂ ਅਤੇ ਦੇਸ਼ ਦੇ ਗ਼ੱਦਾਰ ਆਖ ਕੇ ਭੰਡਿਆ ਜਾਵੇਗਾ। ਆਖ਼ਰ ਅਸੀਂ ਕਦ ਤਕ ਹੱਥ 'ਤੇ ਹੱਥ ਧਰ ਕੇ ਬੈਠੇ ਰਹਾਂਗੇ। ਜਿਸ ਦੇਸ਼ 'ਚ ਸਿੱਖਾਂ ਦੇ ਇਸ਼ਟ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਬਾਣੀ-ਬਾਣਾ ਅਤੇ ਸਾਡਾ ਧਰਮ, ਸੱਭਿਆਚਾਰ, ਬੋਲੀ ਤੇ ਪਹਿਰਾਵਾ ਹੀ ਸੁਰੱਖਿਅਤ ਨਹੀਂ, ਉਸ ਦੇਸ਼ ਤੋਂ ਸਿੱਖਾਂ ਨੇ ਕੀ ਲੈਣਾ, ਉਸ ਦੇਸ਼ ਤੋਂ ਸਿੱਖਾਂ ਨੂੰ ਕਾਹਦੀ ਆਸ, ਇਹ ਦੇਸ਼ ਸਿੱਖਾਂ ਲਈ ਇੱਕ ਖੁੱਲ੍ਹੀ ਜੇਲ੍ਹ ਵਾਂਗ ਹੈ ਤੇ ਸਾਡੇ ਨਾਲ਼ ਕੈਦੀਆਂ ਨਾਲ਼ੋਂ ਵੀ ਮਾੜਾ ਸਲੂਕ ਕੀਤਾ ਜਾਂਦਾ ਹੈ। ਸਿੱਖਾਂ ਨੂੰ ਜਾਗਣ ਅਤੇ ਇਕਮੁੱਠ ਹੋ ਕੇ ਹਿੰਦੂਤਵੀ ਤਾਕਤਾਂ ਨਾਲ਼ ਟੱਕਰ ਲੈਣ ਦੀ ਲੋੜ ਹੈ। ਅੱਜ ਸਮੁੱਚੇ ਹਿੰਦੂ, ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਲਈ ਉਤਾਵਲ਼ੇ ਹਨ, ਤੇ ਆਓ ਅਸੀਂ ਵੀ ਆਪਣੇ ਸਿੱਖ ਰਾਸ਼ਟਰ (ਖ਼ਾਲਿਸਤਾਨ) ਦੀ ਕਾਇਮੀ ਵੱਲ ਕਦਮ ਵਧਾਈਏ।

**- ਰਣਜੀਤ ਸਿੰਘ ਦਮਦਮੀ ਟਕਸਾਲ**
**(ਪ੍ਰਧਾਨ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲ਼ਾ)**
**ਮੋ : 88722-93883**

ਆਵਾਜ਼ਿ ਕੌਮ AWAZE QAUM International Newspaper & WEB TV

# ਖਾਲੜਾ ਦੀ ਪੰਜਾਬ-95 ਫਿਲਮ ਨੂੰ ਪਰਦੇ ਤੇ ਲਿਆਉਣ ਲਈ ਮਨੁੱਖੀ ਅਧਿਕਾਰ ਸੰਗਠਨ ਲੜੇਗਾ ਲੜਾਈ - ਬੀਬੀ ਸੋਹਲ



**ਅੰਮ੍ਰਿਤਸਰ, 9 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਗੁਰੂ ਸਾਹਿਬਾਨ ਵੱਲੋਂ ਦਰਸਾਏ ਮਾਰਗ ਤੇ ਚਲਦਿਆਂ ਮਨੁੱਖੀ ਹੱਕਾਂ ਦੀ ਰਾਖੀ ਤੇ ਜਬਰ ਜੁਲਮ ਦੇ ਖਿਲਾਫ ਡਟਣਾ ਤੇ ਖੜਨਾ ਦਰਸਾਇਆ ਗਿਆ ਹੈ ਮਨੁੱਖੀ ਹੱਕਾਂ ਦੇ ਮਸੀਹਾ ਸਰਦਾਰ ਜਸਵੰਤ ਸਿੰਘ ਖਾਲੜਾ ਜਿਨਾਂ ਨੇ ਮਨੁੱਖੀ ਅਧਿਕਾਰਾਂ ਦੀ ਲੜਾਈ ਲੜਦਿਆਂ ਆਪਣਾ ਆਪਾ ਕੁਰਬਾਨ ਕੀਤਾ ਅਤੇ ਪੰਜਾਬ ਦੇ ਕਾਲੇ ਦੌਰ ਅੰਦਰ ਸਿੱਖਾਂ ਤੇ ਹੋਏ ਜਬਰ ਦੀ ਕਹਾਣੀ ਨੂੰ ਪੰਨਿਆਂ ਤੇ ਲਿਆਂਦਾ 1984 ਤੋਂ ਲੈ ਕੇ 1995 ਦੇ ਦਹਾਕੇ ਅੰਦਰ ਕਰੀਬ 25 ਹਜਾਰ ਲਾਸ਼ਾਂ ਜੋ ਅਣਪਛਾਤੇ ਕਹਿ ਕੇ ਸਾੜ ਦਿੱਤੀਆਂ ਗਈਆਂ ਸਨ ਉਨ੍ਹਾਂ ਦੀ ਪੜਤਾਲ ਕੀਤੀ ਜਿਸ ਤੇ ਸੀਬੀਆਈ ਨੇ ਵੀ ਮੋਹਰ ਲਾਈ ਉਹਨਾਂ ਦੀ ਜ਼ਿੰਦਗੀ ਤੇ ਅਧਾਰਤ ਫਿਲਮ ਪੰਜਾਬ "95 ਜੋ ਕਿ ਦੋ ਸਾਲਾਂ ਤੋਂ ਸੈਂਸਰ ਬੋਰਡ ਦੇ ਚੱਕਰ ਕੱਟ ਰਹੀ ਹੈ ਹੁਣ 102 ਕੱਟ ਲਾਉਣ ਦੇ ਆਏ ਤੁਗਲਕੀ ਫਰਮਾਨ ਜਿੱਥੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ ਉੱਥੇ ਸਿੱਖਾਂ ਤੇ ਹੋਏ ਜੁਲਮਾਂ ਦੀ ਅਸਲ ਤਸਵੀਰ ਪੇਸ਼ ਹੋਣ ਤੋਂ ਰੋਕਣਾ ਮੰਦਭਾਗਾ ਹੈ ਮਨੁੱਖੀ ਅਧਿਕਾਰ ਸੰਗਠਨ ਇਸ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਇਸ ਫਿਲਮ ਨੂੰ ਰੋਕਣ ਦੇ ਫੈਸਲੇ ਦਾ ਡਟਵਾਂ ਵਿਰੋਧ ਕਰਦਾ ਹੈ ਇਹ ਵਿਚਾਰ ਮਨੁੱਖੀ ਅਧਿਕਾਰ ਸੰਗਠਨ ਦੇ ਸੂਬਾ ਪ੍ਰਧਾਨ ਬੀਬੀ ਜਸਵਿੰਦਰ ਕੌਰ ਸੋਹਲ ਵੱਲੋਂ ਪੰਜਾਬ "95 ਫਿਲਮ ਸਬੰਧੀ ਅੰਮ੍ਰਿਤਸਰ ਵਿਖੇ ਇੱਕ ਪੱਤਰਕਾਰ ਵਾਰਤਾ ਦੌਰਾਨ ਕਹੇ ਬੀਬੀ ਸੋਹਲ ਅਤੇ ਸਾਥੀਆਂ ਨੇ ਮੌਜੂਦਾ ਸਮੇਂ ਦੀ ਕੇਂਦਰੀ ਸਰਕਾਰ ਅਤੇ ਸੈਂਸਰ ਬੋਰਡ ਵੱਲੋਂ ਪੰਜਾਬ "95 ਨਾਲ ਕੀਤੇ ਜਾ ਰਹੇ ਵਿਤਕਰੇ ਖਿਲਾਫ ਜਿਕਰ ਕਰਦਿਆਂ ਕਿਹਾ ਕਿ ਇਹ ਫਿਲਮ ਇੱਕ ਮਨੁੱਖੀ ਅਧਿਕਾਰ ਕਾਰਕੁੰਨ ਜਸਵੰਤ ਸਿੰਘ ਖਾਲੜਾ ਦੇ ਜੀਵਨ ਤੇ ਆਧਾਰਿਤ ਹੈ। ਜਸਵੰਤ ਸਿੰਘ ਖਾਲੜਾ ਅਕਾਲੀ ਦਲ ਦੇ ਮਨੁੱਖੀ ਅਧਿਕਾਰ ਵਿੰਗ ਦੇ ਜਨਰਲ ਸਕੱਤਰ ਸਨ ਜਿਨਾਂ ਨੇ ਪੰਜਾਬ ਚ ਹੋਏ ਅਨਿਆ ਖਿਲਾਫ ਆਪਣੀ ਨੌਕਰੀ ਛੱਡੀ ਉਨਾਂ ਪੰਜਾਬ ਦੇ ਸ਼ਮਸ਼ਾਨ ਘਾਟਾਂ ਹਸਪਤਾਲਾਂ ਤੇ ਥਾਣਿਆਂ ਚੋਂ ਰਿਕਾਰਡ ਇਕੱਠਾ ਕਰਕੇ ਸੱਚ ਜਾਹਰ ਕਰਨ ਲਈ ਕੰਮ ਕੀਤਾ ਸਰਦਾਰ ਖਾਲੜਾ ਨਾ ਖਾਲਿਸਤਾਨੀ ਜਾਂ ਵੱਖਵਾਦੀ ਸਨ ਨਾ ਕਿਸੇ ਧਰਮ ਦੇ ਖਿਲਾਫ ਲੜਾਈ ਲੜ ਰਹੇ ਸਨ ਉਹਨਾਂ ਨੇ ਸਰਕਾਰੀ ਤੰਤਰ ਦੇ ਜ਼ੁਲਮਾਂ ਨੂੰ ਨੰਗਾ ਕਰਨ ਦਾ ਕੰਮ ਕੀਤਾ ਜਿਸ ਦੀ ਦੀ ਭੇਟ ਉਹ ਆਪ ਵੀ ਚੜ ਗਏ ਅੱਜ ਸਮੁੱਚੇ ਅਵਾਮ ਨੂੰ ਅਪੀਲ ਕਰਦੇ ਹਾਂ ਕਿ ਪੰਜਾਬ ਦੇ ਕਾਲੇ ਦੌਰ ਦਾ ਸੱਚ ਬਿਆਨ ਕਰਦੀ ਫਿਲਮ ਪੰਜਾਬ "95 ਨੂੰ ਬਗੈਰ ਕਿਸੇ ਕੱਟ ਦੇ ਪਰਦੇ ਤੇ ਲਿਆਉਣ ਲਈ ਸਘੰਰਸ ਕੀਤਾ ਜਾਵੇ ਇਸ ਮੋਕੇ ਆਰਤੀ ਮਹਾਜਨ , ਸ਼ੈਲੀ ਬਹਿਲ , ਕੰਨਚਨ ਸ਼ਰਮਾ, ਗਿਤਾਜਲੀ ਸਰਮਾ, ਡਾ ਜਸਵਿੰਦਰ ਸਿੰਘ ਢਿੱਲੋ, ਮਨਦੀਪ ਸਿੰਘ ਖੁਰਦ, ਮਨਪ੍ਰੀਤ ਸਿੰਘ,ਵਰੁਣ ਸ਼ਰਮਾ,ਮਨਿੰਦਰ ਸਿੰਘ,ਮਨਦੀਪ ਸਿੰਘ ਆਦਿ ਹਾਜ਼ਰ ਸਨ।

**-ਵਿਸ਼ੇਸ਼ ਰਿਪੋਰਟ ਸ.ਗੁਰਜੰਟ ਸਿੰਘ ਖਾਲਸਾ**

# ਪੰਜਾਬ ਰੋਡਵੇਜ਼ ਦੀ ਤੇਜ਼ ਰ਼ਫਤਾਰ ਬੱਸ ਨਾਲ ਹੋਇਆ ਮੋਟਰਸਾਈਕਲ ਸਵਾਰ ਦਾ ਐਕਸੀਡੈਂਟ, ਮੋਟਰਸਾਈਕਲ ਸਵਾਰ ਹੋਇਆ ਗੰਭੀਰ ਜ਼਼ਖਮੀ

**ਚੌਕ ਮਹਿਤਾ, 9 ਅਕਤੂਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਬੀਤੇ ਦਿਨੀਂ ਆਮ ਆਦਮੀ ਪਾਰਟੀ ਦੀ ਸੀਨੀਅਰ ਆਗੂ ਮੈਡਮ ਅਮਰਜੀਤ ਕੌਰ ਨੂੰ ਉਸ ਵੇਲ ਗਹਿਰਾ ਸਦਮਾ ਲੱਗਾ ਜਦੋਂ ਉਹਨਾਂ ਨੂੰ ਪਤਾ ਲੱਗਾ ਕਿ ਉਹਨਾਂ ਦੇ ਭਤੀਜੇ ਦਾ ਐਕਸੀਡੈਂਟ ਹੋ ਗਿਆ ਹੈ। ਮੈਡਮ ਅਮਰਜੀਤ ਕੌਰ ਨੇ ਦੱਸਿਆ ਕਿ ਉਹਨਾਂ ਦਾ ਭਤੀਜਾ ਗੁਰਦੁਆਰਾ ਟਾਹਲਾ ਸਾਹਿਬ ਤੋਂ ਮੱਥਾ ਟੇਕ ਕੇ ਆਪਣੇ ਘਰ ਪਿੰਡ ਮੁਗਲਾਨੀ ਖਡੂਰ ਸਾਹਿਬ ਤਰਨ ਤਰਨ ਜਾ ਰਿਹਾ ਸੀ। ਤਰਨ ਤਾਰਨ ਵੱਲੋਂ ਪੰਜਾਬ ਰੋਡਵੇਜ਼ ਦੀ ਆਉਂਦੀ ਹੋਈ ਤੇਜ਼ ਰਫਤਾਰ ਬੱਸ ਵੱਲੋਂ ਓਵਰਟੇਕ ਕਰਨ ਲੱਗਿਆਂ ਉਹਨਾਂ ਦੇ ਭਤੀਜੇ ਹਰਪਾਲ ਸਿੰਘ ਜੋ ਕਿ ਮੋਟਰਸਾਈਕਲ ਤੇ ਆਪਣੇ ਘਰ ਤਰਨ ਤਰਨ ਵੱਲ ਨੂੰ ਜਾ ਰਹੇ ਸਨ ਤੇਜ਼ ਰਫਤਾਰ ਬੱਸ ਉਹਨਾਂ ਨਾਲ ਜਾ ਟਕਰਾਈ। ਇਸ ਐਕਸੀਡੈਂਟ ਦੇ ਵਿੱਚ ਮੈਡਮ ਅਮਰਜੀਤ ਕੌਰ ਦੇ ਭਤੀਜੇ ਹਰਪਾਲ ਸਿੰਘ ਪੁੱਤਰ ਫੂਲਾ ਸਿੰਘ ਉਮਰ 30 ਸਾਲ ਦੀ ਪੱਟ ਦੀ ਹੱਡੀ ਦੇ ਦੋ ਟੁਕੜੇ ਹੋ ਗਏ ਅਤੇ 108 ਐਬੂਲੈਂਸ ਵੱਲੋਂ ਉਸ ਨੂੰ ਤਰਨ ਤਾਰਨ ਸਿਵਿਲ ਹਸਪਤਾਲ ਦਾਖਲ ਕਰਵਾਇਆ ਗਿਆ ਜਿੱਥੇ ਡਾਕਟਰਾਂ ਵੱਲੋਂ ਉਸ ਨੂੰ ਗੰਭੀਰ ਰੂਪ ਵਿੱਚ ਜਖਮੀ ਹੋਣ ਕਾਰਨ ਅੰਮ੍ਰਿਤਸਰ ਗੁਰੂ ਨਾਨਕ ਦੇਵ ਹਸਪਤਾਲ ਵਿੱਚ ਰੈਫਰ ਕਰ ਦਿੱਤਾ ਗਿਆ ਜਿੱਥੇ ਸੀਨੀਅਰ ਆਰਥੋ ਦੇ ਡਾਕਟਰ ਮਨਿੰਦਰ ਸਿੰਘ ਦੀ ਅਗਵਾਈ ਵਿੱਚ ਹਰਪਾਲ ਸਿੰਘ ਪੁੱਤਰ ਫੂਲਾ ਸਿੰਘ ਦਾ ਇਲਾਜ ਕੀਤਾ ਗਿਆ ਅਤੇ ਉਸ ਦੇ ਪੱਟ ਦੀ ਹੱਡੀ ਜੋਕਿ ਦੋ ਜਗ੍ਹਾ ਤੋਂ ਟੁੱਟੀ ਸੀ ਰਾਡ ਪਾ ਕੇ ਉਸ ਦਾ ਸਫਲ ਆਪਰੇਸ਼ਨ ਕਰ ਦਿੱਤਾ ਗਿਆ।ਇਸ ਮੌਕੇ ਜਦੋਂ ਹਸਪਤਾਲ ਵਿੱਚ ਆਰਥੋ ਵਾਰਡ ਦੇ ਵਾਰਡ ਚਾਰਜ ਡਾਕਟਰ ਸਰਬਜੀਤ ਸਿੰਘ ਦੇ ਨਾਲ ਗੱਲਬਾਤ ਕੀਤੀ ਗਈ ਤਾਂ ਉਹਨਾਂ ਨੇ ਦੱਸਿਆ ਦਾਖਲ ਹੋਏ ਮਰੀਜ਼ ਹਰਪਾਲ ਸਿੰਘ ਪੁੱਤਰ ਫੂਲਾ ਸਿੰਘ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਵਿੱਚ ਪਿਛਲੇ ਅੱਠ ਦਿਨਾਂ ਤੋਂ ਦਾਖਲ ਹੈ ਜਿਸ ਦਾ ਸਫਲ ਅਪਰੇਸ਼ਨ ਕਰ ਦਿੱਤਾ ਗਿਆ ਹੈ।ਅਤੇ ਆਪ ਨੇ ਦੱਸਿਆ ਕਿ ਮਰੀਜ਼ ਹਰਪਾਲ ਸਿੰਘ ਜਿਸ ਦੀ ਪੱਟ ਦੀ ਹੱਡੀ ਦੇ ਦੋ ਟੁਕੜੇ ਹੋਏ ਸਨ ਡਾਕਟਰ ਮਨਿੰਦਰ ਸਿੰਘ ਦੀ ਅਗਵਾਈ ਵਿੱਚ ਸਫਲ ਅਪਰੇਸ਼ਨ ਹੋ ਚੁੱਕਾ ਹੈ ਅਤੇ ਉਨਾਂ ਦੀ ਹਾਲਤ ਹੁਣ ਸਥਿਰ ਹੈ ਇਸ ਮੌਕੇ ਜਦੋਂ ਹਰਪਾਲ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਸਨੇ ਦੱਸਿਆ ਕਿ ਬੀਤੇ ਉਨੱਤੀ ਸਤੰਬਰ ਦੋ ਹਜ਼ਾਰ ਚੌਵੀ ਦਿਨ ਐਤਵਾਰ ਨੂੰ ਉਹ ਗੁਰਦੁਆਰਾ ਟਾਹਲਾ ਸਾਹਿਬ ਆਪਣੇ ਘਰ ਵਾਪਸ ਮੋਟਰਸਾਈਕਲ ਤੇ ਪਿੰਡ ਮੁਗਲਾਨੀ ਖਡੂਰ ਸਾਹਿਬ ਤਰਨ ਤਰਨ ਆਪਣੇ ਘਰ ਪਰਤ ਰਿਹਾ ਸੀ ਤਰਨ ਤਾਰਨ ਵੱਲੋਂ ਪੰਜਾਬ ਰੋਡਵੇਜ਼ ਬੱਸ ਨੰਬਰ ਪੀ ਬੀ 04 ਏਈ0996 ਤੇਜ਼ ਰਫਤਾਰ ਆਉਂਦੀ ਬੱਸ ਵੱਲੋਂ ਮੈਨੂੰ ਟੱਕਰ ਮਾਰ ਦਿੱਤੀ ਗਈ। ਜਿਸ ਸਦਕਾ ਮੇਰੀ ਪੱਟ ਦੀ ਹੱਡੀ ਦੋ ਜਗਹਾ ਤੋਂ ਟੁੱਟ ਗਈ। ਇਹ ਘਟਨਾ ਤਰਨ ਤਾਰਨ ਬਾਈਪਾਸ ਤੋਂ ਕੁਝ ਦੂਰ ਡੇਰੇ ਨਜ਼ਦੀਕ ਵਾਪਰੀ।ਘਟਨਾ ਸਥਾਨ ਤੇ ਕੁਝ ਲੋਕਾਂ ਨੇ ਮੌਕੇ ਦੀ ਘਟਨਾ ਦੇਖੀ ਤੇ ਉਨ੍ਹਾਂ ਨੇ ਦੱਸਿਆ ਕਿ ਗਲਤੀ ਬੱਸ ਵਾਲੇ ਦੀ ਹੈ।ਬੱਸਦੇ ਓਵਰਟੇਕ ਕਰਨ ਲੱਗਿਆਂ ਇਹ ਸਾਰੀ ਘਟਨਾ ਵਾਪਰੀ।ਇਸ ਮੌਕੇ ਹਰਪਾਲ ਸਿੰਘ ਪੁੱਤਰ ਫੂਲਾ ਸਿੰਘ ਨੇ ਪੰਜਾਬ ਪੁਲਿਸ ਤੋਂ ਇਨਸਾਫ ਦੀ ਮੰਗ ਕੀਤੀ ਅਤੇ ਕਿਹਾ ਕਿ ਉਸ ਸਰਕਾਰੀ ਬੱਸ ਦੇ ਡਰਾਈਵਰ ਤੇ ਜੋ ਬਣਦੀ ਕਾਨੂੰਨੀ ਕਾਰਵਾਈ ਹੈ ਪੁਲਿਸ ਵੱਲੋਂ ਕੀਤੀ ਜਾਵੇ ਅਤੇ ਆਪ ਨੇ ਕਿਹਾ ਕਿ ਮੈਨੂੰ ਪੂਰਾ ਯਕੀਨ ਹੈ ਕਿ ਪੰਜਾਬ ਪੁਲਿਸ ਮੈਨੂੰ ਜ਼ਰੂਰ ਇਨਸਾ਼ਫ ਦੇਵੇਗੀ।ਇਸ ਮੌਕੇ ਜਦੋਂ ਇਸ ਕੇਸ ਦੇ ਇਨਵੈਸਟੀਗੇਸ਼ਨ ਕਰ ਰਹੇ ਪੁਲਿਸ ਅਧਿਕਾਰੀ ਏਐਸਆਈ ਗੁਰਦੀਪ ਸਿੰਘ ਜਿਲ੍ਹਾ ਤਰਨਤਾਰਨ ਨਾਲ ਗੱਲਬਾਤ ਕੀਤੀ ਗਈ ਤਾਂ ਉਹਨਾਂ ਨੇ ਦੱਸਿਆ ਕਿ ਮੈਡੀਕਲ ਰਿਪੋਰਟ ਆਉਣ ਤੋਂ ਬਾਅਦ ਜੋ ਬਣਦੀ ਕਾਰਵਾਈ ਹੋਵੇਗੀ ਕੀਤੀ ਜਾਵੇਗੀ।





### ਹਠੂਰ ਦੀ ਜਨਰਲ ਸੀਟ ਤੋਂ ਲੜ ਰਹੇ ਸਰਪੰਚੀ ਦੇ

# ਐੱਸ ਸੀ ਉਮੀਦਵਾਰ ਵੱਲੋਂ ਕੀਤੇ ਡੋਰ ਟੂ ਡੋਰ ਦੀ ਲੋਕਾਂ ਵਿੱਚ ਛਿੜੀ ਚਰਚਾ



**ਹਠੂਰ/ਜਗਰਾਉਂ, (ਵਰਿਆਮ ਹਠੂਰ)**-ਕਸਬਾ ਹਠੂਰ ਦੀ ਜਨਰਲ ਸੀਟ ਤੋਂ ਸਰਪੰਚੀ ਦੀ ਚੋਣ ਲੜ ਰਹੇ ਐੱਸ ਸੀ ਭਾਈਚਾਰੇ ਨਾਲ ਸਬੰਧਤ ਉਮੀਦਵਾਰ ਪ੍ਰਮਿੰਦਰ ਸਿੰਘ ਹਠੂਰ ਵੱਲੋਂ ਆਪਣੇ ਸਮਰਥਕਾਂ ਨੂੰ ਨਾਲ ਲੈਕੇ ਨਗਰ ਵਿੱਚ ਡੋਰ ਟੂ ਡੋਰ ਜਾ ਕੇ ਆਪਣੇ ਹੱਕ ਵਿੱਚ ਵੋਟ ਪਾਉਣ ਲਈ ਅਪੀਲ ਕੀਤੀ ਗਈ, ਵੱਖ ਵੱਖ ਥਾਵਾਂ ਤੇ ਉਮੀਦਵਾਰ ਪ੍ਰਮਿੰਦਰ ਸਿੰਘ ਹਠੂਰ ਨੂੰ ਸਨਮਾਨਿਤ ਵੀ ਕੀਤਾ ਗਿਆ, ਤੇ ਬਹੁ ਗਿਣਤੀ ਨਗਰ ਦੇ ਲੋਕਾਂ ਦਾ ਪਿਆਰ ਵੇਖਣ ਨੂੰ ਮਿਲਿਆ, ਜਿਸ ਦੀ ਚਰਚਾ ਛਿੜੀ ਹੋਈ ਹੈ। ਗੱਲਬਾਤ ਕਰਦਿਆਂ ਉਮੀਦਵਾਰ ਪ੍ਰਮਿੰਦਰ ਸਿੰਘ ਹਠੂਰ ਨੇ ਕਿਹਾ ਕਿ ਉਹ ਬੇਸ਼ੱਕ ਐੱਸ ਸੀ ਭਾਈਚਾਰੇ ਨਾਲ ਸਬੰਧਿਤ ਹਨ ਤੇ ਜਨਰਲ ਸੀਟ ਤੋਂ ਸਰਪੰਚੀ ਦੀ ਚੋਣ ਲੜ ਕੇ ਆਪਣੀ ਕਿਸਮਤ ਅਜ਼ਮਾ ਰਹੇ ਹਨ। ਪਰ ਨਗਰ ਦੇ ਲੋਕਾਂ ਦਾ ਉਨ੍ਹਾਂ ਪ੍ਰਤੀ ਬੇਹੱਦ ਪਿਆਰ ਅਤੇ ਸਤਿਕਾਰ ਦੇਖ ਕੇ ਇੰਝ ਜਾਪਦਾ ਹੈ ਕਿ ਵਾਹਿਗੁਰੂ ਦੀ ਕਿਰਪਾ ਸਦਕਾ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਾਂਗੇ, ਉਮੀਦਵਾਰ ਪ੍ਰਮਿੰਦਰ ਸਿੰਘ ਹਠੂਰ ਨੇ ਅੱਗੇ ਕਿਹਾ ਕਿ ਜਿਸ ਆਸ ਤੇ ਵਿਸ਼ਵਾਸ ਨਾਲ ਲੋਕਾਂ ਨੇ ਉਨ੍ਹਾਂ ਤੇ ਭਰੋਸਾ ਕਰਕੇ ਚੋਣ ਮੈਦਾਨ ਵਿੱਚ ਉਤਾਰਿਆ, ਮੈਂ ਉਨ੍ਹਾਂ ਸਾਰੀਆਂ ਸਤਿਕਾਰਯੋਗ ਸ਼ਖ਼ਸੀਅਤਾਂ ਦੀ ਸੋਚ ਤੇ ਖਰਾ ਉੱਤਰਾਂਗਾ, ਤੇ ਨਗਰ ਦੇ ਵਿਕਾਸ ਕਾਰਜਾਂ ਪ੍ਰਤੀ ਵਚਨਬੱਧ ਰਹਾਂਗਾ, ਅੰਤ ਵਿੱਚ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਰੋਡ ਰੂਲਰ ਚੋਣ ਨਿਸ਼ਾਨ ਮਿਲਿਆ ਹੈ। ਤੇ ਮੈਨੂੰ ਪੂਰੀ ਉਮੀਦ ਹੈ ਕਿ ਲੋਕ ਮੇਰੇ ਹੱਕ ਵਿੱਚ ਵੋਟ ਕਰਕੇ ਮੈਨੂੰ ਨਗਰ ਦੀ ਸੇਵਾ ਕਰਨ ਦਾ ਮੌਕਾ ਦੇਣਗੇ, ਇਸ ਮੌਕੇ ਉਨ੍ਹਾਂ ਨਾਲ ਪ੍ਰਧਾਨ ਤਰਸੇਮ ਸਿੰਘ ਹਠੂਰ, ਗੁਰਜੰਟ ਸਿੰਘ ਹਠੂਰ, ਪਰਮਜੀਤ ਸਿੰਘ ਪੱਪੀ, ਸੁਖਚੈਨ ਸਿੰਘ ਹਠੂਰ, ਪ੍ਰੀਤਮ ਸਿੰਘ ਸਾਬਕਾ ਪੰਚ, ਦਲਬਾਰਾ ਸਿੰਘ (ਬੈਂਕ ਵਾਲੇ) ਰਾਜਾ ਸਿੰਘ, ਸਮੇਤ ਅਨੇਕਾਂ ਸਮਰਥਨ ਹਾਜ਼ਰ ਸਨ।



# ਜੀ ਕਹੋ, ਜੀ ਕਹਾਓ ਤੇ ਸਦਾ ਸੁੱਖ ਪਾਓ



ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ.)

ਕਿਸੇ ਦੀ ਗੱਲ ਦਾ ਹੁੰਗਾਰਾ ਦੇਣ ਵੇਲੇ ਸਤਿਕਾਰ ਵਜੋਂ "ਜੀ" ਕਹਿਣਾ ਸਾਡੇ ਸੱਭਿਆਚਾਰ ਅਤੇ ਪੰਜਾਬੀ ਬੋਲੀ ਵਿਚਲਾ ਇਕ ਅਨਮੋਲ ਸ਼ਬਦ ਹੈ, ਜਿਸ ਦੀ ਜਿੰਨੀ ਵਰਤੋਂ ਕੀਤੀ ਜਾਵੇ ਥੋਹੜੀ ਹੈ। ਆਮ ਜਿੰਦਗੀ ਵਿਚ ਅਸੀਂ ਦੇਖਦੇ ਹਾਂ ਕਿ ਇਸ ਸ਼ਬਦ ਦੀ ਵਰਤੋਂ ਸਾਡੇ ਸੱਭਿਆਚਾਰ ਵਿਚਲੇ ਸਾਊ ਅਤੇ ਸੱਭਿਅਕ ਲੋਕ ਬਹੁਤ ਜਿਆਦਾ ਕਰਦੇ ਹਨ।

ਇਸ ਸ਼ਬਦ ਦੀ ਵਰਤੋਂ ਕਿਸੇ ਨੂੰ ਬੁਲਾਉਣ ਜਾਂ ਮੁਖਾਤਿਬ ਹੋਣ ਵੇਲੇ ਵੀ ਕੀਤੀ ਜਾਂਦੀ ਹੈ ਤੇ ਕਿਸੇ ਮਾਣਮੱਤੀ ਸ਼ਖਸ਼ੀਅਤ ਦੇ ਨਾਮ ਦਾ ਜਿਕਰ ਕਰਨ ਵੇਲੇ ਵੀ ਕੀਤੀ ਜਾਂਦੀ ਹੈ, ਜਿਵੇਂ ਭਾਈ ਸਾਹਿਬ ਜੀ, ਫਲਾਨਾ ਜਾਂ ਢਿਮਕਾ ਸਿੰਘ ਜੀ, ਬੇਸ਼ੱਕ ਸਤਿ "ਸ੍ਰੀ ਅਕਾਲ ਜੀ" ਆਪਣੇ ਆਪ ਵਿਚ ਪਰਿਪੂਰਨ ਹੈ, ਪਰ ਫਿਰ ਵੀ ਇਸ ਦੇ ਨਾਲ "ਜੀ" ਸ਼ਬਦ ਲਗਾ ਕੇ ਇਸ ਬੋਲੇ ਨੂੰ ਹੋਰ ਵੀ ਪਿਆਰਾ ਤੇ ਨਿਆਰਾ ਬਣਾ ਦਿੱਤਾ ਜਾਂਦਾ ਹੈ। ਇਸੇ ਤਰਾਂ "ਸ੍ਰੀ ਗੁਰੂ ਗਰੰਥ ਸਾਹਿਬ" ਨਾਲ ਜਦੋਂ ਆਖਿਰ ਵਿਚ "ਜੀ" ਲਗਾ ਦਿੱਤਾ ਜਾਂਦਾ ਹੈ ਤਾਂ ਉਸ ਪ੍ਰਤੀ ਸ਼ਰਧਾ ਤੇ ਸਤਿਕਾਰ ਦਾ ਰੰਗ ਹੋਰ ਵੀ ਗੂੜ੍ਹਾ ਹੋ ਜਾਂਦਾ ਹੈ। ਡੀ ਸੀ, ਠਾਣੇਦਾਰ ਅਤੇ ਸਰਪੰਚਾਂ, ਪੰਚਾਂ ਅਤੇ ਨੰਬਰਦਾਰਾਂ ਦੇ ਨਾਵਾਂ ਨਾਲ ਵੀ ਇਸ ਸ਼ਬਦ ਵਰਤੋਂ ਕੀਤੀ ਜਾਂਦੀ ਹੈ ਤਾਂ ਜੋ ਉਹਨਾਂ ਨੂੰ, ਉਹਨਾਂ ਦੇ ਸਰਕਾਰੀ ਅਤੇ ਸਮਾਜਿਕ ਰੁਤਬੇ ਮੁਤਾਬਿਕ ਮਾਣ ਸਨਮਾਨ ਦਿੱਤਾ ਜਾ ਸਕੇ।

ਇਸ ਇਕ ਸ਼ਬਦ "ਜੀ" ਦੀ ਵਰਤੋਂ ਨਾਲ ਬੁਲਾਰੇ ਦੇ ਬੋਲਾਂ ਵਿਚ ਸ਼ਿਹਦ, ਖੰਡ ਤੇ ਮਿਸ਼ਰੀ ਸਭ ਕੁੱਝ ਹੀ ਘੁਲ ਜਾਂਦਾ ਹੈ। ਇਹ ਸ਼ਬਦ ਸਾਡੀ ਸ਼ਖਸ਼ੀਅਤ ਨੂੰ ਨਿਖਾਰ ਕੇ ਚਾਰ ਚੰਨ ਲਗਾਉਂਦਾ ਹੈ, ਜੱਗ ਵਿਚ ਸਾਡੀ ਸ਼ੋਭਾ ਵਧਾਉਂਦਾ ਹੈ ਅਤੇ ਇਸ ਦੇ ਨਾਲ ਸਾਡੀਆਂ ਬਹੁਤ ਸਾਰੀਆਂ ਸਮੱਸਿਆਵਾਂ ਤੇ ਉਲਝਣਾ ਦਾ ਹੱਲ ਕਰਨ ਨਿਚ ਵੀ ਅਸਾਨੀ ਪੈਦਾ ਕਰਦਾ ਹੈ। ਇਹ ਸ਼ਬਦ ਜੇਕਰ ਸਭਨਾ ਵਲੋਂ ਹੀ ਵਰਤਿਆ ਜਾਣ ਲੱਗ ਪਵੇ ਤਾਂ ਸਮਾਜ ਵਿਚ ਅਮਨ ਸ਼ਾਂਤੀ ਦਾ ਮਾਹੌਲ ਪੈਦਾ ਹੋ ਸਕਦਾ ਹੈ, ਬਹੁਤ ਸਾਰੇ ਸਮਾਜਿਕ ਕੁੱਤ ਕਲੇਸ਼ ਖਤਮ ਹੋ ਸਕਦੇ ਹਨ ਤੇ ਸਮਾਜ ਵਿੱਚ ਭਾਈਚਾਰਕ ਸਾਂਝਾ ਪੱਕੀਆਂ ਹੋਣ ਕਰਕੇ ਸਾਂਝੀਵਾਲਤਾ ਦਾ ਮਾਹੌਲ ਪੈਦਾ ਹੋ ਸਕਦਾ ਹੈ।

"ਜੀ" ਦੀ ਵਰਤੋਂ ਕਰਨ ਵਾਲਾ ਸ਼ਖਸ਼ ਆਮ ਤੌਰ 'ਤੇ ਨਿਮਰ ਅਤੇ ਮਿੱਠੇ ਸੁਭਾਅ ਵਾਲਾ ਹੁੰਦਾ ਹੈ ਤੇ ਉਹ ਆਪਣੀ ਨਿਮਰਤਾ ਦਾ ਪ੍ਰਗਟਾਵਾ ਇਸੇ ਸ਼ਬਦ ਰਾਹੀ ਹੀ ਕਰ ਜਾਂਦਾ ਹੈ, ਪਰੰਤੂ ਕਈ ਵਾਰ ਇਸ ਸ਼ਬਦ ਦੀ ਵਰਤੋਂ ਕਰਨੀ ਕਿਸੇ ਦੀ ਮਜਬੂਰੀ ਵੀ ਬਣ ਜਾਂਦੀ ਹੈ, ਮਿਸਾਲ ਵਜੋਂ ਆਪਣੇ ਤੋਂ ਰੁਤਬੇ ਵਿਚ ਵੱਡੇ ਵਿਅਕਤੀ ਨਾਲ ਗੱਲਬਾਤ ਕਰਨੀ, ਕਿਸੇ ਅਫਸਰ ਜਾਂ ਉੱਚ ਅਧਿਕਾਰੀ ਨਾਲ ਗੱਲਬਾਤ ਕਰਨੀ ਜਾਂ ਫੇਰ ਮਾਲੀ ਪੱਖੋਂ ਕਮਜੋਰ ਵਿਅਕਤੀ ਵਲੋਂ ਕਿਸੇ ਡਾਢੇ ਜਾਂ ਅਮੀਰ ਨਾਲ ਗੱਲਬਾਤ ਕਰਨ ਸਮੇਂ ਬਹੁਤੀ ਵਾਰ ਇਸ ਸ਼ਬਦ ਦੀ ਵਰਤੋਂ ਬਹੁਤ ਹੀ ਰਸਮੀ ਅਤੇ ਮਜਬੂਰੀ ਵਸ ਵੀ ਕੀਤੀ ਜਾਂਦੀ ਹੈ। ਉਕਤ ਤੋਂ ਉਲਟ ਕਈ ਵਾਰ "ਜੀ" ਦੀ ਵਰਤੋਂ ਆਪਣਾ ਮਤਲਬ ਕੱਢਣ ਵਾਸਤੇ ਜਾਂ ਇੰਜ ਕਹਿ ਲਓ ਕਿ ਆਪਣਾ ਉੱਲੂ ਸਿੱਧਾ ਕਰਨ ਵਾਸਤੇ ਵੀ ਕੀਤੀ ਜਾਂਦੀ ਹੈ। ਮਿਸਾਲ ਵਜੋਂ ਕਿਸੇ ਨਾਲ ਗੱਲ ਕਰਦੇ ਸਮੇਂ ਸਿਰ ਝੁਕਾ ਕੇ ਦੋ ਦੋ ਵਾਰ "ਜੀ - ਜੀ" ਜਾਂ "ਹਾਂਜੀ - ਹਾਂਜੀ " ਕਹਿਣਾ ਵਾਲੇ ਲੋਕ ਇਸੇ ਸ਼ਰੇਣੀ ਵਿਚ ਸ਼ੁਮਾਰ ਕੀਤੇ ਜਾ ਸਕਦੇ ਹਨ। ਇਸ ਕਿਸਮ ਦੇ ਲੋਕਾਂ ਨੂੰ ਨਾ ਹੀ ਨਿਮਰਤਾ ਨਾਲ ਕੁੱਝ ਲੈਣਾ ਦੇਣਾ ਹੁੰਦਾ ਤੇ ਨਾ ਹੀ ਕਿਸੇ ਦੇ ਸਤਿਕਾਰ ਨਾਲ।

ਕਈ ਚਾਪਲੂਸ ਕਿਸਮ ਦੇ ਲੋਕ ਤਾਂ ਇਸ ਇਕ ਸ਼ਬਦ ਦੀ ਵਰਤੋਂ ਕਰਨ ਸਮੇਂ ਉਸ ਵੇਲੇ ਅੱਤ ਹੀ ਕਰ ਜਾਂਦੇ ਹਨ, ਜਦ ਉਹ ਹੁੰਗਾਰਾ ਭਰਦੇ ਸਮੇਂ ਵਾਰ ਵਾਰ ਬਿਨਾ ਮਤਲਬ ਹੀ " ਹਾਂਜੀ ਜੀ, ਹਾਂਜੀ ਜੀ" ਕਰਦੇ ਰਹਿੰਦੇ ਹਨ। ਕੁੱਝ ਅਜਿਹੇ ਵੀ ਹੁੰਦੇ ਹਨ ਜੋ "ਜੀ ਹਾਂਜੀ ਹਾਂਜੀ" ਕਹਿਕੇ ਪਹਿਲੀਆਂ ਸਾਰੀਆਂ ਕਿਸਮਾਂ ਦੇ ਲੋਕਾਂ ਨਾਲੋਂ ਅੱਗੇ ਨਿਕਲ ਕੇ "ਜੀ" ਸ਼ਬਦ ਦੀ ਵਰਤੋਂ ਕਰਨ ਦੇ ਚੈਂਪੀਅਨ ਬਣਨ ਦਾ ਦਾਅਵਾ ਠੋਕ ਜਾਂਦੇ ਹਨ।

"ਜੀ" ਕਹਿਣ ਵਿਚ ਅੰਤਾਂ ਦੀ ਮਿਠਾਸ ਤੇ ਲਰਜਿਸ਼ ਉਸ ਵੇਲੇ ਦੁਗਣੀ, ਚੌਗੁਣੀ ਤੋਂ ਵੀ ਵਧਕੇ ਦਸ ਗੁਣਾ ਹੋ ਜਾਂਦੀ ਹੈ, ਜਦੋਂ ਕੋਈ ਇਸ ਸ਼ਬਦ ਦੀ ਵਰਤੋਂ ਤਹਿ ਹਿਰਦੇ ਤੋਂ ਕਰਦਾ ਹੈ, ਪਰ ਜਦੋਂ ਕੋਈ ਇਸ ਸ਼ਬਦ ਦੀ ਵਰਤੋਂ ਸਵਾਰਥ ਪੂਰਤੀ ਜਾਂ ਚਾਪਲੂਸੀ ਕਰਨ ਵਾਸਤੇ ਕਰਦਾ ਹੈ ਤਾਂ ਉਸ ਦੇ ਬੋਲਣ ਦਾ ਲਹਿਜਾ ਅਤੇ ਚੇਹਰੇ ਦੇ ਹਾਵ ਭਾਵ ਹੀ ਉਸ ਵਿਅਕਤੀ ਦਾ ਮਨੋਰਥ ਬਿਆਨ ਕਰ ਜਾਂਦੇ ਹਨ। ਮਿਸਾਲ ਵਜੋਂ ਜੁੜੇ ਹੋਏ ਜਾਂ ਮਿਲਾਏ ਹੋਏ ਹੱਥ, ਦੋ ਮਿਲਣ ਵਾਲਿਆ ਦਾ ਇਕ ਦੂਸਰੇ ਨਾਲ ਆਪਸ ਵਿਚ ਕਿੰਨਾ ਕੁ ਹਿੱਤ, ਪਿਆਰ ਅਤੇ ਸਤਿਕਾਰ ਹੈ, ਸਭ ਕੁੱਝ ਬਿਆਨ ਕਰ ਜਾਂਦੇ ਹਨ, ਬਿਲਕੁਲ ਉਸੇ ਤਰਾਂ "ਜੀ" ਦੀ ਵਰਤੋਂ ਕਰਨ ਵਾਲੇ ਵਿਅਕਤੀ ਦੀ ਅੰਦਰੂਨੀ ਭਾਵਨਾ ਉਸ ਦੇ ਚੇਹਰੇ ਅਤੇ ਸਰੀਰ ਦੇ ਬਾਕੀ ਅੰਗਾਂ ਤੋਂ ਇਹ ਸ਼ਪੱਸ਼ਟ ਰੂਪ ਵਿਚ ਪਤਾ ਕੀਤੀ ਜਾ ਸਕਦੀ ਹੈ ਕਿ ਬੋਲਾਂ ਵਿਚ ਅਪਣੱਤ ਜਾਂ ਖੁਦਗਰਜੀ ਕਿੰਨੀ ਕੁ ਹੈ ?

ਆਪਣੇ ਨਿੱਜੀ ਤਜਰਬੇ ਤੋਂ ਕਹਿ ਸਕਦਾ ਹਾਂ ਕਿ ਇਕ ਗੱਲ ਪੱਕੀ ਹੈ ਕਿ "ਜੀ" ਸ਼ਬਦ ਦੀ ਵਰਤੋਂ ਜਿੰਨੀ ਵਧੇਰੇ ਨਿਰਛੱਲਤਾ ਨਾਲ ਕੀਤੀ ਜਾਵੇਗੀ, ਇਸ ਸ਼ਬਦ ਦੇ ਉਚਾਰਨ ਨਾਲ ਬੋਲੇ ਗਏ ਬਾਕੀ ਸ਼ਬਦ ਵੀ ਮੂੰਹੋ ਕਿਰਦਿਆਂ ਹੀ ਫੁੱਲ ਬਣ ਜਾਣਗੇ, ਸ਼ਿਹਦ ਖਾਣ ਦੀ ਲੋੜ ਨਹੀਂ ਰਹੇਗੀ, ਰਸਨਾ ਉੱਤੇ ਹਰ ਵੇਲੇ ਸ਼ਿਹਦ ਦਾ ਸਵਾਦ ਮਹਿਸੂਸ ਕੀਤਾ ਜਾ ਸਕੇਗਾ। ਦੂਜੀ ਗੱਲ ਇਹ ਕਿ ਚਾਪਲੂਸ ਅਤੇ ਸਵਾਰਥੀ ਕਿਸਮ ਦੇ ਲੋਕ ਬਹੁਤ ਖਤਰਨਾਕ ਹੁੰਦੇ ਹਨ, ਉਹਨਾਂ ਦੀ ਪਹਿਚਾਣ, ਉਹਨਾਂ ਦੇ "ਜੀ" ਬੋਲਣ ਦੇ ਲਹਿਜੇ ਤੋਂ ਸਹਿਜੇ ਹੀ ਕੀਤੀ ਜਾ ਸਕਦੀ ਹੈ ਅਤੇ ਅਜਿਹਾ ਲੋਕਾਂ ਨੂੰ ਪਹਿਚਾਣ ਕੇ ਆਪਣੀ ਜਿੰਦਗੀ ਤੋਂ ਜਿੰਨਾ ਦੂਰ ਰੱਖਿਆ ਜਾਵੇ ਉਨਾ ਹੀ ਚੰਗਾ ਹੈ।

ਸੋ ਹਥਲੀ ਚਰਚਾ ਦਾ ਸਾਰ ਅਰਥ ਇਹ ਨਿਕਲਦਾ ਹੈ ਕਿ ਸਾਡੀ ਬੋਲੀ ਬਹੁਤ ਮਿੱਠੀ ਹੈ। ਇਕ ਸ਼ਬਦ "ਜੀ" ਹੀ ਪੰਜਾਬੀ ਵਕਤਾ ਦੀ ਸਖਸ਼ੀਅਤ ਅਤੇ ਸਮੁੱਚੀ ਪੰਜਾਬੀ ਬੋਲੀ ਨੂੰ ਮਿਠੱਤ ਦੇ ਕੇ ਨਿਖਾਰਨ ਦੀ ਸਮਰੱਥਾ ਰੱਖਦਾ। ਇਸ ਤਰਾਂ ਦੇ ਹੋਰ ਸ਼ਬਦਾਂ ਨੂੰ ਲੱਭਿਆ ਜਾਵੇ ਤੇ ਵਰਤਿਆ ਜਾਵੇ ਤਾਂ ਹੋਰ ਵੀ ਸੋਨੇ ਉਤੇ ਸੁਹਾਗੇ ਵਾਲੀ ਗੱਲ ਹੋਵੇਗੀ। ਆਪਣੀ ਬੋਲੀ ਵਿਚ ਗਾਲਾਂ ਕੱਢਣੀਆਂ ਨਿਰਾ ਮੂੰਹ ਗੰਦਾ ਕਰਨਾ ਹੀ ਨਹੀ ਬਲਕਿ ਆਪਣੇ ਪੂਰੇ ਖਾਨਦਾਨ ਦੀਆਂ ਸੱਤ ਪੀੜ੍ਹੀਆਂ ਦਾ ਚਿੱਠਾ ਜਾਹਿਰ ਕਰਨਾ ਵੀ ਹੁੰਦਾ ਹੈ। ਇਸੇ ਕਰਕੇ "ਜੀ ਕਹੋ, ਜੀ ਕਹਾਓ ਤੇ ਸਦਾ ਸੁੱਖ ਪਾਓ " ਜਾਂ ਫਿਰ "ਜੀ ਜੀ ਕਹਿਣਾ ਤੇ ਸਦਾ ਸੁਖੀ ਰਹਿਣਾ" ਆਦਿ ਮੁਹਾਵਰੇ ਸਾਡੇ ਸਿਆਣਿਆ ਵਲੋਂ ਅਕਸਰ ਹੀ ਵਰਤੇ ਜਾਂਦੇ ਰਹੇ ਹਨ, ਜਿਹਨਾਂ ਨੂੰ ਦੁਬਾਰਾ ਤੋਂ ਪ੍ਰਚਲਿਤ ਕਰਨ ਅਤੇ ਲੜ ਬੰਨ੍ਹਣ ਦੀ ਅੱਜ ਫਿਰ ਬੇਹੱਦ ਲੋੜ ਮਹਿਸੂਸ ਹੋ ਰਹੀ ਹੈ, ਅਜਿਹਾ ਕਰਨ ਨਾਲ ਜਿਥੇ ਸਾਡੀ ਬੋਲੀ ਵਿਚ ਨਿਖਾਰ ਆਵੇਗਾ, ਸਾਡੇ ਅੰਦਰ ਨਿਮਰਤਾ ਵਧੇਗੀ, ਹਾਊਮੈਂ ਤੋਂ ਛੁਟਕਾਰਾ ਮਿਲੇਗਾ, ਦੂਜਿਆਂ ਦਾ ਸਤਿਕਾਰ ਕਰਨ ਅਤੇ ਦੂਜਿਆਂ ਤੋਂ ਸਤਿਕਾਰ ਪਰਾਪਤ ਕਰਨ ਦੀ ਜੁਗਤੀ ਮਿਲੇਗੀ ਉਥੇ ਇਸ ਦੇ ਨਾਲ ਹੀ ਸਾਡੀ ਸਖਸ਼ੀਅਤ ਨੂੰ ਵੀ ਚਾਰ ਚੰਨ ਲੱਗਣਗੇ ਤੇ ਭਾਈਚਾਰਕ ਸਾਂਝਾ ਤੇ ਸਾਂਝੀਵਾਲਤਾ ਦਾ ਪਰਚਮ ਵੀ ਬੁਲੰਦ ਹੋਵੇਗਾ। ਇਸ ਦੇ ਨਾਲ ਹੀ "ਜੀ" ਦੇ ਓਹਲੇ ਹੇਠ ਲੁਕੇ ਮਤਲਬ ਪ੍ਰਸਤ ਲੋਕਾਂ ਦੀ ਪਹਿਚਾਣ ਕਰਕੇ ਉਹਨਾਂ ਤੋਂ ਦੂਰ ਰਹਿਣ ਵਿਚ ਵੀ ਮਦਦ ਮਿਲੇਗੀ।

ਸੋ "ਜੀ" ਪੰਜਾਬੀ ਬੋਲੀ ਦਾ ਇਕ ਅਜਿਹਾ ਵਿਸ਼ਾਲ ਅਰਥੀ ਸ਼ਬਦ ਹੈ, ਜੋ ਸਾਡੇ ਸਮਾਜ, ਸੱਭਿਆਚਾਰ ਅਤੇ ਬੋਲੀ ਦੇ ਬਹੁਤ ਸਾਰੇ ਮਸਲੇ ਹੱਲ ਕਰਨ ਵਿਚ ਵੱਡਾ ਰੋਲ ਅਦਾ ਕਰ ਸਕਦਾ ਹੈ। ਹੁਣ ਇਹ ਸਾਡਾ ਫਰਜ ਹੈ ਕਿ ਅਸੀਂ ਇਸ ਸ਼ਬਦ ਦਾ ਸਹੀ ਉਪਯੋਗ ਕਰਨਾ ਹੈ ਜਾਂ ਨਹੀਂ ? ਆਪਣੇ ਸਮਾਜ ਵਿਚ ਅਮਨ ਸ਼ਾਂਤੀ ਲਿਆਉਣੀ ਹੈ ਜਾਂ ਨਹੀਂ ? ਆਪਣੀ ਸ਼ਖਸ਼ੀਅਤ ਚਮਕਾਉਣੀ ਹੈ ਜਾਂ ਨਹੀਂ ? ਸਾਡੇ ਵਾਸਤੇ ਇਹਨਾਂ ਸਵਾਲਾਂ ਬਾਰੇ ਸੋਚਣਾ ਅਜੋਕੇ ਸਮੇਂ ਦੀ ਮੁੱਖ ਲੋੜ ਹੈ।

# ਪੰਚਾਇਤੀ ਚੋਣ ਡਿਊਟੀਆਂ ਸੰਬੰਧੀ ਡੈਮੋਕ੍ਰੇਟਿਕ ਟੀਚਰਜ ਫਰੰਟ ਲੁਧਿਆਣਾ ਦੇ ਵਫਦ ਨੇ ਏ.ਡੀ.ਸੀ ਲੁਧਿਆਣਾ ਨਾਲ ਕੀਤੀ ਮੁਲਾਕਾਤ-ਡੀ.ਟੀ.ਐੱਫ.ਲੁਧਿਆਣਾ



ਗੁਰੂਸਰ ਸੁਧਾਰ (ਖਾਲਸਾ)-: ਡੈਮੋਕ੍ਰੇਟਿਕ ਟੀਚਰਜ ਫਰੰਟ ਲੁਧਿਆਣਾ ਦਾ ਵਫ਼ਦ ਜ਼ਿਲ੍ਹਾ ਪ੍ਰਧਾਨ ਦਲਜੀਤ ਸਿੰਘ ਸਮਰਾਲਾ ਦੀ ਅਗਵਾਈ ਵਿੱਚ ਏ.ਡੀ.ਸੀ.(ਵਿਕਾਸ) ਲੁਧਿਆਣਾ ਹਰਜਿੰਦਰ ਸਿੰਘ ਨੂੰ ਪੰਚਾਇਤੀ ਚੋਣਾਂ ਵਿੱਚ ਲੱਗੀਆਂ ਡਿਊਟੀਆਂ ਸੰਬੰਧੀ ਮਿਲਿਆ।ਵਫ਼ਦ ਵੱਲੋਂ ਇਨ੍ਹਾਂ ਚੋਣਾਂ ਵਿੱਚ ਲੱਗੀਆਂ ਡਿਊਟੀਆਂ ਵਿੱਚ ਗੰਭੀਰ ਬਿਮਾਰੀਆਂ ਵਾਲੇ ਕੇਸ,ਫੀਜ਼ੀਕਲੀ ਹੈਂਡੀਕੈਪ,ਇੱਕ ਸਾਲ ਤੋਂ ਘੱਟ ਉਮਰ ਵਾਲ਼ੇ ਬੱਚਿਆਂ ਵਾਲੀਆਂ ਅਧਿਆਪਿਕਾਵਾਂ,ਦੂਸਰੇ ਜ਼ਿਲ੍ਹਿਆਂ ਵਿੱਚੋਂ ਆਉਂਦੇ ਅਧਿਆਪਕਾਂ ਦੇ ਕੇਸ, ਦੂਰ-ਦੁਰਾਡੇ ਲੱਗੀਆਂ ਡਿਊਟੀਆਂ ਅਤੇ ਬੀ.ਐਲ. ਓ.ਅਧਿਆਪਕਾਂ ਨੂੰ ਡਿਊਟੀ ਤੋਂ ਛੋਟ ਸੰਬੰਧੀ ਮੰਗਾਂ ਰੱਖੀਆਂ ਗਈਆਂ। ਏ.ਡੀ.ਸੀ.(ਵਿਕਾਸ) ਲੁਧਿਆਣਾ ਵੱਲੋਂ ਸਾਰੇ ਕੇਸਾਂ ਤੇ ਵਿਚਾਰ ਕਰਨ ਅਤੇ ਚੋਣਾਂ ਤੋਂ ਪਹਿਲ਼ਾਂ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ। ਇਸ ਉਪਰੰਤ ਜ਼ਿਲ੍ਹਾ ਪ੍ਰਧਾਨ ਦਲਜੀਤ ਸਿੰਘ ਸਮਰਾਲਾ ਨੇ ਹਾਜ਼ਰ ਅਧਿਆਪਕਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸਹੀ ਕੇਸ ਯੂਨੀਅਨ ਵੱਲੋਂ ਹਰ ਹਾਲਤ ਵਿੱਚ ਹੱਲ ਕਰਵਾਏ ਜਾਣਗੇ ਅਤੇ ਨਾਲ ਹੀ ਭਰੋਸਾ ਜ਼ਾਹਿਰ ਕੀਤਾ ਕਿ ਅੱਜ ਜੋ ਕੇਸ ਏ. ਡੀ.ਸੀ.ਲੁਧਿਆਣਾ ਨੂੰ ਦਿੱਤੇ ਗਏ ਹਨ,ਉਨ੍ਹਾਂ ਅਧਿਆਪਕਾਂ ਨੂੰ ਚੋਣ ਡਿਊਟੀ ਤੋਂ ਛੋਟ ਦੇ ਦਿੱਤੀ ਜਾਵੇਗੀ।ਜਨਰਲ ਸਕੱਤਰ ਹਰਜੀਤ ਸਿੰਘ ਸੁਧਾਰ ਨੇ ਕਿਹਾ ਕਿ ਕੱਲ੍ਹ ਇਨ੍ਹਾਂ ਕੇਸਾਂ ਸੰਬੰਧੀ ਦੁਬਾਰਾ ਏ. ਡੀ.ਸੀ.ਲੁਧਿਆਣਾ ਨਾਲ ਸੰਪਰਕ ਕਰਕੇ ਜਾਣਕਾਰੀ ਹਾਸਲ ਕੀਤੀ ਜਾਵੇਗੀ ਅਤੇ ਉਸ ਉਪਰੰਤ ਬਣੇ ਹਾਲਾਤਾਂ ਅਨੁਸਾਰ ਯੂਨੀਅਨ ਵੱਲੋਂ ਫੈਸਲਾ ਲਿਆ ਜਾਵੇਗਾ।ਇਸ ਉਪਰੰਤ ਜਿਲ੍ਹਾ ਆਗੂਆਂ ਵੱਲੋਂ ਜਿਲ੍ਹਾ ਸਿੱਖਿਆ ਅਫਸਰ(ਸੈ.ਸਿੱ.)ਲੁਧਿਆਣਾ ਨਾਲ ਮੀਟਿੰਗ ਕੀਤੀ ਗਈ।ਇਸ ਮੀਟਿੰਗ ਵਿੱਚ ਜਿਲ੍ਹਾ ਆਗੂਆਂ ਵੱਲੋਂ ਪਿਛਲੀ ਮਹੀਨੇ ਹੋਈ ਮੀਟਿੰਗ ਵਿੱਚ ਜਿਲ੍ਹਾ ਸਿੱਖਿਆ ਅਫਸਰ ਸ਼੍ਰੀਮਤੀ ਰਵਿੰਦਰ ਕੌਰ ਅੱਗੇ ਰੱਖੀਆਂ ਮੰਗਾਂ ਦਾ ਰੀਵਿਊ ਕੀਤਾ ਗਿਆ,ਜਿਸ ਵਿੱਚ ਜਿਲ੍ਹਾ ਸਿੱਖਿਆ ਅਫਸਰ(ਐ.ਸਿੱ.) ਵੱਲੋਂ ਮੌਕੇ ਤੇ ਹੀ ਰੱਖੀਆਂ ਮੰਗਾਂ ਦ ?ਾ ਹੱਲ ਕੀਤਾ ਗਿਆ ਤੇ ਰਹਿੰਦੀਆਂ ਮੰਗਾਂ ਦ ? ਜਲਦ ਹੀ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ। ਅੱਜ ਇਸ ਮੀਟਿੰਗ ਵਿੱਚ ਦਵਿੰਦਰ ਸਿੰਘ ਸਿੱਧੂ, ਹਰਪਿੰਦਰ ਸਿੰਘ ਸ਼ਾਹੀ, ਰਜਿੰਦਰ ਸਿੰਘ ਮਾਛੀਵਾੜਾ,ਹੁਸ਼ਿਆਰ ਸਿੰਘ,ਹਰਦੀਪ ਸਿੰਘ, ਅਰਵਿੰਦਰ ਸਿੰਘ ਭੰਗੂ, ਰਾਣਾ ਆਲਮਦੀਪ, ਗੁਰਦੀਪ ਸਿੰਘ , ਸ਼ਰਨਜੀਤ ਸਿੰਘ, ਜਸਵਿੰਦਰ ਸਿੰਘ ਅਤੇ ਪੀੜਤ ਅਧਿਆਪਕ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਹਾਜ਼ਰ ਸਨ।

# ਖੱਤਰੀ ਮਹਾਂ ਸਭਾ ਪੰਜਾਬ ਦੇ ਯੂਥ ਵਿੰਗ ਵਿਚ ਹੋਇਆ ਵਾਧਾ







ਫ਼ਿਰੋਜ਼ਪੁਰ, 9 ਅਕਤੂਬਰ (ਮਨੋਹਰ ਲਾਲ) :— ਖੱਤਰੀ ਮਹਾਂ ਸਭਾ ਪੰਜਾਬ ਵੱਲੋਂ ਯੂਥ ਵਿੰਗ ਦਾ ਆਗਾਜ਼ ਕਰਦਿਆਂ ਜਿਥੇ ਪੰਜਾਬ ਦੀ ਅਗਵਾਈ ਕਰਨ ਦਾ ਮੌਕਾ ਖੱਤਰੀ ਅੰਕੁਸ਼ ਭੰਡਾਰੀ ਸਮੇਤ ਉਨ੍ਹਾਂ ਦੀ ਟੀਮ ਨੂੰ ਦਿੱਤਾ ਹੈ, ਉਥੇ ਖੱਤਰੀ ਭਾਈਚਾਰੇ ਦੇ ਨੌਜਵਾਨਾਂ ਨੂੰ ਇਕ ਪਲੇਟਫਾਰਮ ਤੇ ਇਕੱਠੇ ਕਰਨ ਦੀ ਲੜੀ ਤਹਿਤ ਫ਼ਿਰੋਜ਼ਪੁਰ ਬਲਾਕ ਦੀ ਟੀਮ ਦਾ ਗਠਨ ਕੀਤਾ ਗਿਆ। ਗੱਲਬਾਤ ਕਰਦਿਆਂ ਪੰਜਾਬ ਪ੍ਰਧਾਨ ਅੰਕੁਸ਼ ਭੰਡਾਰੀ ਨੇ ਦੱਸਿਆ ਕਿ ਫ਼ਿਰੋਜ਼ਪੁਰ ਬਲਾਕ ਦੀ ਚੋਣ ਕਰਦਿਆਂ ਮੈਨੂੰ ਮਾਣ ਮਹਿਸੂਸ ਹੋ ਰਿਹਾ ਹੈ, ਕਿਉਂਕਿ ਫ਼ਿਰੋਜ਼ਪੁਰ ਬਲਾਕ ਪ੍ਰਧਾਨ ਵਜੋਂ ਖੱਤਰੀ ਹੀਰਾ ਪੁੱਗਲ ਨੂੰ ਚੁਣਿਆ ਗਿਆ ਹੈ, ਜ਼ੋ ਹਾਲ ਹੀ ਵਿਚ ਪਿੰਡ ਦੇ ਸਰਪੰਚ ਵੀ ਸਰਬਸੰਮਤੀ ਨਾਲ ਬਣੇ ਹਨ। ਉਨ੍ਹਾਂ ਕਿਹਾ ਕਿ ਸਰਪੰਚ ਹੀਰਾ ਪੁੱਗਲ ਨੂੰ ਫ਼ਿਰੋਜ਼ਪੁਰ ਬਲਾਕ ਦਾ ਪ੍ਰਧਾਨ ਚੁਣਨ ਦੇ ਨਾਲ—ਨਾਲ ਖੱਤਰੀ ਨਵੀਨ ਪੁਰੀ ਐਡਵੋਕੇਟ ਸਪੋਕਸਪਰਸਨ, ਖੱਤਰੀ ਸੰਨੀ ਚੋਪੜਾ ਪ੍ਰੈਸ ਸਕੱਤਰ, ਖੱਤਰੀ ਮਨੀਸ਼ ਮਹਿਤਾ ਸੈਕਟਰੀ ਅਤੇ ਖੱਤਰੀ ਨਿਤਿਸ਼ ਮਲਹੋਤਰਾ ਮੀਤ ਪ੍ਰਧਾਨ ਨੂੰ ਅਹੁਦਿਆਂ ਲਈ ਚੁਣਿਆ ਗਿਆ ਹੈ। ਉਨ੍ਹਾਂ ਕਿਹਾ ਕਿ ਫ਼ਿਰੋਜ਼ਪੁਰ ਬਲਾਕ ਦੀ ਬਾਕੀ ਬਾਡੀ ਚੁਨਣ ਦਾ ਅਧਿਕਾਰ ਪ੍ਰਧਾਨ ਖੱਤਰੀ ਹੀਰਾ ਪੁੱਗਲ ਕੋਲ ਹੈ ਅਤੇ ਜਲਦ ਹੀ ਪੰਜਾਬ ਦੇ ਹੋਰਨਾਂ ਬਲਾਕਾਂ ਵਿਚ ਟੀਮਾਂ ਦਾ ਗਠਨ ਕੀਤਾ ਜਾਵੇਗਾ। ਗੱਲਬਾਤ ਕਰਦਿਆਂ ਖੱਤਰੀ ਗੌਰਵ ਬਹਿਲ ਸਪੋਕਸਪਰਸਨ ਖੱਤਰੀ ਮਹਾਂ ਸਭਾ ਪੰਜਾਬ ਯੂਥ ਵਿੰਗ ਨੇ ਕਿਹਾ ਕਿ ਬਹੁਤ ਜਲਦੀ ਹੀ ਪੰਜਾਬ ਭਰ ਵਿਚ ਬਲਾਕ ਪ੍ਰਧਾਨਾਂ ਦੀ ਚੋਣ ਕਰਦਿਆਂ ਚਾਰ ਮੈਂਬਰੀ ਕਮੇਟੀ ਦਾ ਗਠਨ ਕੀਤਾ ਜਾਵੇਗਾ ਅਤੇ ਇਨ੍ਹਾਂ ਨੌਜਵਾਨਾਂ ਨੂੰ ਖੱਤਰੀ ਭਾਈਚਾਰੇ ਦੀ ਤਰੱਕੀ, ਉਨਤੀ ਲਈ ਯਤਨ ਕਰਨ ਦੀ ਅਪੀਲ ਕੀਤੀ ਜਾਵੇਗੀ ਤਾਂ ਜ਼ੋ ਨੌਜਵਾਨਾਂ ਆਪਣੇ ਨੌਜਵਾਨ ਸਾਥੀਆਂ ਨੂੰ ਖੱਤਰੀ ਮਹਾਂ ਸਭਾ ਦੇ ਮੈਂਬਰ ਬਨਾਉਣ ਸਮੇਤ ਆਪਣੇ ਬਜ਼ੁਰਗਾਂ ਅਤੇ ਹੋਰਨਾਂ ਨੂੰ ਖੱਤਰੀ ਮਹਾਂ ਸਭਾ ਪੰਜਾਬ ਦੇ ਅਨਿਖੜਵੇਂ ਅੰਗ ਵਜੋਂ ਸ਼ਾਮਿਲ ਕਰਨ ਤਾਂ ਜ਼ੋ ਇਨ੍ਹਾਂ ਨੌਜਵਾਨਾਂ ਦੀ ਕਾਬਲੀਅਤ ਨੂੰ ਦੇਖਦੇ ਹੋਏ ਜ਼ਿਲ੍ਹਾ ਪ੍ਰਧਾਨਾਂ ਦੀ ਚੋਣ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪਾਰਟੀ ਸੁਪਰੀਮੋ ਐਡਵੋਕੇਟ ਵਿਜੈ ਧਿਰ, ਅਸ਼ੋਕ ਥਾਪਰ ਅਤੇ ਪਵਨ ਭੰਡਾਰੀ ਤੋਂ ਮਿਲੇ ਨਿਰਦੇਸ਼ਾਂ ਮੁਤਾਬਿਕ ਜਲਦ ਹੀ ਪੰਜਾਬ ਭਰ ਦੇ ਕੋਨੇ—ਕੋਨੇ ਤੱਕ ਪਹੁੰਚ ਕਰਦਿਆਂ ਨੌਜਵਾਨੀ ਨੂੰ ਇਕ ਪਲੇਟਫਾਰਮ ਤੇ ਇਕੱਠਿਆ ਕੀਤਾ ਜਾਵੇਗਾ, ਕਿਉਂਕਿ ਜਿਸ ਵੱਲ ਨੌਜਵਾਨੀ ਰੁੱਖ ਕਰਦੀ ਹੈ, ਉਹ ਰਸਤੇ ਹਮੇਸ਼ਾ ਖੁਸ਼ਗਵਾਰ ਹੋ ਨਿਬੜਦੇ ਹਨ ਅਤੇ ਸਾਨੂੰ ਮਾਣ ਹੈ ਕਿ ਸਾਡੀ ਨੌਜਵਾਨ ਪੀੜ੍ਹੀ ਖੱਤਰੀ ਮਹਾਂ ਸਭਾ ਪੰਜਾਬ ਦੇ ਝੰਡੇ ਹੇਠ ਯੂਥ ਵਿੰਗ ਦੇ ਸਰਗਰਮ ਮੈਂਬਰ ਬਣ ਕੇ ਖੱਤਰੀ ਭਾਈਚਾਰੇ ਦੀ ਤਰਜਮਾਨੀ ਕਰਨਗੇ, ਜ਼ੋ ਸਮੇਂ ਦੀ ਅਹਿਮ ਲੋੜ ਵੀ ਹੈ। ਗੱਲਬਾਤ ਕਰਦਿਆਂ ਸ੍ਰੀ ਅੰਕੁਸ਼ ਭੰਡਾਰੀ ਨੇ ਦੱਸਿਆ ਕਿ ਫ਼ਿਰੋਜ਼ਪੁਰ ਬਲਾਕ ਦੇ ਪ੍ਰਧਾਨ ਅਤੇ ਬਾਕੀ ਅਹੁਦੇਦਾਰਾਂ ਨੂੰ ਖੱਤਰੀ ਭਵਨ ਫ਼ਿਰੋਜ਼ਪੁਰ ਵਿਖੇ ਵਿਸ਼ੇਸ਼ ਸਮਾਗਮ ਕਰਕੇ ਪ੍ਰਮਾਣ ਪੱਤਰ ਜਾਰੀ ਕੀਤੇ ਗਏ ਹਨ ਅਤੇ ਇਨ੍ਹਾਂ ਨੌਜਵਾਨਾਂ ਨੂੰ ਖੱਤਰੀ ਮਹਾਂ ਸਭਾ ਪੰਜਾਬ ਦੇ ਜਨਰਲ ਸਕੱਤਰ ਸ੍ਰੀ ਪਵਨ ਭੰਡਾਰੀ ਸਮੇਤ ਖੱਤਰੀ ਵੈਲਫੇਅਰ ਸਭਾ ਫ਼ਿਰੋਜ਼ਪੁਰ ਦੀ ਸਾਰੀ ਟੀਮ ਨੇ ਅਸ਼ੀਰਵਾਦ ਦਿੰਦਿਆਂ ਕੁਝ ਕਰ ਵਿਖਾਉਣ ਦੀ ਅਪੀਲ ਕਰਦਿਆਂ ਨੌਜਵਾਨਾਂ ਨੂੰ ਹੱਲਾਸ਼ੇਰੀ ਦਿੱਤੀ ਹੈ ਕਿ ਉਹ ਸਮਾਜ ਭਲਾਈ ਦੇ ਕਾਰਜਾਂ ਵਿਚ ਮੋਹਰੀ ਰੋਲ ਅਦਾ ਕਰਦੇ ਹੋਏ ਖੱਤਰੀ ਭਾਈਚਾਰੇ ਦੀ ਪਹਿਚਾਣ ਨੂੰ ਬਰਕਰਾਰ ਰੱਖਣ ਵਿਚ ਆਪਣਾ ਬਣਦਾ ਯੋਗਦਾਨ ਅਦਾ ਕਰਨ। ਨੌਜਵਾਨਾਂ ਨੂੰ ਪ੍ਰਮਾਣ ਪੱਤਰ ਦੇਣ ਸਮੇਂ ਖੱਤਰੀ ਮਹਾਂ ਸਭਾ ਯੂਥ ਵਿੰਗ ਦੇ ਸੀਨੀਅਰ ਮੀਤ ਪ੍ਰਧਾਨ ਸ਼ਿਵੰਦਰ ਮਲਹੋਤਰਾ, ਸਕੱਤਰ ਵਿਨੋਦ ਧਵਨ ਅਤੇ ਖੱਤਰੀ ਵੈਲਫੇਅਰ ਸਭਾ ਫ਼ਿਰੋਜ਼ਪੁਰ ਦੇ ਚੇਅਰਮੈਨ ਤਰਸੇਮ ਬੇਦੀ, ਕੇਵਲ ਕ੍ਰਿਸ਼ਨ ਟੰਡਨ, ਸਕੱਤਰ ਸੁਰਿੰਦਰ ਬੇਰੀ, ਕੈਸ਼ੀਅਰ ਕੁਲਦੀਪ ਮੈਣੀ, ਸੁਭਾਸ਼ ਚੌਧਰੀ, ਪਰਵੀਨ ਤਲਵਾਰ, ਲਵਕੇਸ਼ ਕੱਕੜ, ਡਾ: ਸੁਰਿੰਦਰ, ਪਰਦੀਪ ਬਿੰਦਰਾ ਆਦਿ ਹਾਜ਼ਰ ਸਨ।

# ਫਾਂਸੀ ਤੋਂ ਇੱਕ ਦਿਨ ਪਹਿਲਾਂ...

## ਭਾਈ ਜਿੰਦਾ-ਸੁੱਖਾ ਵੱਲੋਂ ਪੰਥ ਦੇ ਨਾਂ ਲਿਖੀ ਚਿੱਠੀ



ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਅੱਜ ਐਤਵਾਰ ਹੈ। ਰਾਤ ਨੂੰ ਇਹ ਚਿਠੀ ਅਸੀਂ ਆਹਮੋ-ਸਾਹਮਣੇ ਬੈਠਕੇ ਲਿਖ ਰਹੇ ਹਾਂ। ਆਪਣੀ ਕੌਮ ਨੂੰ ਯਾਦ ਕਰ ਰਹੇ ਹਾਂ। ਅਸੀਂ ਚਾਹੁੰਦੇ ਹਾਂ ਕਿ ਹਰ ਸਿੱਖ ਅੰਮ੍ਰਿਤਧਾਰੀ ਹੋਵੇ। ਸ਼ਸਤਰਧਾਰੀ ਹੋ ਕੇ ਖਾਲਸਾ ਪੰਥ ਦੀ ਸੇਵਾ ਕਰੇ। ਆਪਣੀ ਸਾਰੀ ਸਰੀਰਕ ਤੇ ਰੂਹਾਨੀ ਸ਼ਕਤੀ ਨੂੰ ਦਿੱਲੀ ਦਰਬਾਰ ਵਿਰੁੱਧ ਕੇਂਦਰਤ ਕਰਕੇ, ਆਪਣੀ ਰਾਜਸੀ ਚੇਤਨਾ ਨੂੰ ਇਕ ਬੁਲੰਦੀ ਤੇ ਪਹੁੰਚਾ ਕੇ, ਸਾਰਾ ਸੰਸਾਰ ਖਾਲਸਾ ਪੰਥ ਅਤੇ ਅਕਾਲ ਤਖਤ ਤੋਂ ਅਗਵਾਈ ਲੈਣ ਲਈ ਬਿਹਲਬਲ ਅਤੇ ਉਤਾਵਲਾ ਹੋ ਉਠੇ। ਜੰਗ-ਏ-ਖਾਲਿਸਤਾਨ ਦੁਨੀਆਂ ਭਰ ਵਿੱਚ ਲੜੀਆਂ ਗਈਆਂ ਅਤੇ ਲੜੀਆਂ ਜਾ ਰਹੀਆਂ ਜੰਗਾਂ ਨਾਲੋਂ ਭਿੰਨ ਹੈ ਕਿਉਂਕਿ ਜਿਥੇ ਦੂਸਰੀਆਂ ਜੱਦੋਜਹਿਦਾਂ ਦਾ ਆਧਾਰ ਦੁਨਿਆਵੀ ਕੀਮਤਾਂ ਹਨ, ਉਥੇ ਸਾਡੀ ਜੰਗ ਦਾ ਆਧਾਰ ਸੱਚ ਅਤੇ ਮਨੁੱਖਤਾ ਦੀ ਬੰਦਖਲਾਸੀ ਹੈ। ਖਾਲਿਸਤਾਨ ਦਾ ਸੰਘਰਸ਼ ਕੋਈ ਨਿਰਾ ਸਿਆਸੀ ਤੇ ਦੁਨਿਆਵੀ ਕਦਰਾਂ-ਕੀਮਤਾਂ ਦਾ ਰਿਣੀ ਨਹੀਂ ਸਗੋਂ ਇਸਦਾ ਸਹੀ ਅਰਥ ਧਰਮਯੁੱਧ ਹੈ। ਅਸੀਂ ਧਰਮ ਵਿੱਚ ਰੰਗ ਰੱਤਕੇ ਹੀ ਮੈਦਾਨੇਜੰਗ ਵਿੱਚ ਜਾਂਦੇ ਹਾਂ ਅਤੇ ਸਾਨੂੰ ਟੇਕ ਸਿਰਫ ਅਕਾਲ ਪੁਰਖ ਦੀ ਹੈ। ਸਾਨੂੰ ਬਹੁਤ ਪਿਆਰੇ ਹਨ, ਉਹ ਸਿੱਖੀ ਸਿਧਾਂਤ, ਜਿਨ੍ਹਾਂ ਕਾਰਣ ਅਸੀਂ ਧਰਮਯੁੱਧ ਆਰੰਭਿਆ ਸੀ। ਅਸੀਂ ਧਰਮ ਨੂੰ ਹਰਾ ਕੇ ਕੋਈ ਵੀ ਦੁਨਿਆਵੀ ਪਾਤਸ਼ਾਹੀ ਹਾਸਲ ਨਹੀਂ ਕਰਨਾ ਚਾਹੁੰਦੇ। ਐਸਾ ਕੋਈ ਵੀ ਖਾਲਿਸਤਾਨ ਸਿੱਖਾਂ ਲਈ ਘਾਤਕ ਹੋਵੇਗਾ, ਜੋ ਧਾਰਮਿਕ ਰੰਗ ਤੋਂ ਸੱਖਣਾ ਹੋਵੇ ਅਤੇ ਜਿਸ ਦੀ ਪ੍ਰਾਪਤੀ ਲਈ ਧਰਮ ਨੂੰ ਵਿਸਾਰਿਆ ਗਿਆ ਹੋਵੇ। ਪਿਛਲੇ 500 ਸਾਲਾਂ ਦੇ ਤਜਰਬੇ ਨੇ ਸਿੱਖਾਂ ਨੂੰ ਮਹਿਸੂਸ ਕਰਾ ਦਿੱਤਾ ਹੈ ਕਿ ਧਾਰਮਿਕ ਰਹਿਣ ਲਈ ਅਤੇ ਧਾਰਮਿਕ ਸਿੱਖਿਆਵਾਂ ਨੂੰ ਫੈਲਾਉਣ ਲਈ ਸਾਨੂੰ ਧਰਤੀ ਦੇ ਇਕ ਅਜਿਹੇ ਹਿੱਸੇ ਦੀ ਜਰੂਰਤ ਹੈ, ਜਿਥੇ ਸਾਡੀਆਂ ਜੜ੍ਹਾਂ ਫੈਲ ਸਕਣ। ਸਾਰਿਆਂ ਨੂੰ ਪਤਾ ਹੈ ਕਿ 1947 ਤੋਂ ਪਹਿਲਾਂ ਅਤੇ ਬਾਅਦ ਵਿੱਚ ਧਰਮਯੁੱਧ ਮੋਰਚੇ ਤੱਕ ਅਸੀਂ ਸ਼ਾਂਤਮਈ ਸੰਘਰਸ਼ ਦੀਆਂ ਉਹ ਸਿਖਰਾਂ ਛੂਹੀਆਂ ਹਨ, ਜੋ ਸਮੁੱਚੀ ਮਾਨਵਤਾ ਦੀਆਂ ਕਦਰਾਂ-ਕੀਮਤਾਂ ਦੇ ਇਤਿਹਾਸ ਦਾ ਸੁਨਹਿਰੀ ਅੰਗ ਹਨ। ਪਰ ਜਦੋਂ ਕੋਈ ਸੱਤਾ ਦੇ ਨਸ਼ੇ ਵਿੱਚ ਅੰਨ੍ਹਾ ਤੇ ਬੋਲਾ ਹੋ ਜਾਂਦਾ ਹੈ, ਉਸ ਵਕਤ ਸੰਘਰਸ਼ ਜ਼ਰੂਰੀ ਅਤੇ ਪਵਿੱਤਰ ਹੋ ਜਾਂਦਾ ਹੈ। ਖਾਲਸਾ ਸੰਘਰਸ਼ ਉਦੋਂ ਹੀ ਕਰਦਾ ਹੈ, ਜਦੋਂ ਹੋਰ ਹੀਲੇ ਨਿਸਫਲ ਹੋ ਜਾਂਦੇ ਹਨ। ਜਿਵੇਂ ਦਸਵੇਂ ਪਾਤਸ਼ਾਹ ਦਾ ਫੁਰਮਾਨ ਹੈ।

ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ
ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ ॥

ਅੱਜ ਖਾਲਸਾ ਪੰਥ ਦੇ ਸਾਹਮਣੇ ਵਿਚਾਰ ਦਾ ਨੁਕਤਾ ਇਹ ਨਹੀਂ ਕਿ ਖਾੜਕੂ ਸੰਘਰਸ਼ ਲੜਿਆ ਜਾਵੇ ਤਾਂ ਸ਼ਾਂਤਮਈ ? ਸਾਡੀ ਵਿਚਾਰਸ਼ਕਤੀ ਇਸ ਨੁਕਤੇ 'ਤੇ ਕੇਂਦਰਤ ਹੋਣੀ ਚਾਹੀਦੀ ਹੈ ਕਿ ਖਾੜਕੂ ਸੰਘਰਸ਼ ਵੱਡੇ ਅਸੂਲਾਂ ਅਤੇ ਇਲਾਹੀ ਕਦਰਾਂ-ਕੀਮਤਾਂ ਅਧੀਨ ਹੀ ਲੜੇ ਜਾਣ ਅਤੇ ਤਲਵਾਰ ਦੁੱਖ ਦੇਣ ਲਈ ਨਹੀਂ ਸਗੋਂ ਸੁੱਖ ਲਿਆਉਣ ਲਈ ਉਠਾਉਣੀ ਚਾਹੀਦੀ ਹੈ। ਬੰਦੂਕ ਸਦਾ ਹੀ ਫਲਸਫੇ ਦੇ ਅਧੀਨ ਚਾਹੀਦੀ ਹੈ। ਜੰਗਾਂ ਅਤੇ ਸ਼ਸਤਰਾਂ ਦਾ ਸਿੱਖਾਂ ਨਾਲ ਗਹਿਰਾ ਰਿਸ਼ਤਾ ਹੈ। ਜੰਗ ਅਤੇ ਸ਼ਸ਼ਤਰ ਤੋਂ ਮੁਨਕਰ ਹੋਣ ਵਾਲਾ ਸਿੱਖ ਭਟਕ ਚੁੱਕਿਆ ਹੈ।

ਮਨੁੱਖਾਂ ਦੀਆਂ ਸਮੂਹ ਕੌਮਾਂ ਅਤੇ ਜਾਤਾਂ ਨੂੰ ਇਹ ਧਰਮਯੁੱਧ ਸੱਚੋ-ਸੱਚ ਦਾ ਹੋਕਾ ਦੇਂਦਾ ਹੈ ਅਤੇ ਉਨ੍ਹਾਂ ਦੀ ਆਤਮਾ ਨੂੰ ਵੰਗਾਰਦਾ ਹੈ, ਤਾਂ ਜੋ ਮਨੁੱਖਤਾ ਆਪਣਾ ਮਾਰਗ ਪਛਾਣੇ। ਆਓ ਆਪਾਂ ਉਨ੍ਹਾਂ ਮਾਰਗਾਂ ਵੱਲ ਵਧੀਏ, ਜਿਨ੍ਹਾਂ ਬਾਰੇ ਗੁਰਾਂ ਨੇ ਫੁਰਮਾਇਆ ਹੈ -

ਚਰਨ ਚਲਉ ਮਾਰਗਿ ਗੋਬਿੰਦ ॥
ਮਿਟਹਿ ਪਾਪ ਜਪੀਐ ਹਰਿਬਿੰਦ ॥

ਕਿੰਨੇ ਫਖ਼ਰ ਵਾਲੀ ਗੱਲ ਹੈ ਕਿ ਸਾਨੂੰ ਮਨੁੱਖਾ ਜਨਮ ਨਸੀਬ ਹੋਇਆ, ਉਹ ਵੀ ਗੁਰੂਆਂ ਜੀ ਦੀ ਧਰਤੀ 'ਤੇ। ਕਿੱਡੇ ਵਡਭਾਗੇ ਹਾਂ ਕਿ ਸਾਡੀ ਮਾਂ ਬੋਲੀ ਗੁਰਬਾਣੀ ਹੈ, ਜਿਸ ਰਾਹੀਂ ਗੁਰੂਆਂ ਨੇ ਮਨੁੱਖਤਾ ਨੂੰ ਉਪਦੇਸ਼ ਦਿੱਤਾ। ਜਦੋਂ ਸਿੱਖ ਆਪਣੇ ਵਿਰਸੇ ਤੇ ਧਰਮ ਨੂੰ ਥੋੜ੍ਹਾ ਜਿੰਨਾਂ ਵੀ ਸਮਝ ਲਵੇਗਾ, ਉਸ ਵਕਤ ਉਸਦੇ ਮਸਲੇ ਹੱਲ ਹੋ ਜਾਣਗੇ। ਅਸੀਂ ਜੁਝਾਰੂ ਵੀਰਾਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਆਪਣੇ ਸਹੀ ਰਾਹ ਨੂੰ ਪਛਾਣਨ ਅਤੇ ਭੂਤਕਾਲ ਦਾ ਮੁਲਾਂਕਣ ਕਰਕੇ ਸੁਨਹਿਰੀ ਭਵਿੱਖ ਦੀ ਉਸਾਰੀ ਲਈ ਹੋਰ ਸਰਗਰਮ ਹੋਣ। ਅਸੀਂ ਅਸੂਲਾਂ ਲਈ ਉੱਚੇ ਇਖਲਾਕ ਦੀ ਲੜਾਈ ਲੜਨੀ ਹੈ। ਇਸ ਸਫਰ ਦੇ ਪਾਂਧੀਆਂ ਲਈ ਇਹ ਜਰੂਰੀ ਹੈ ਕਿ ਉਨ੍ਹਾਂ ਦਾ ਕਿਰਦਾਰ ਬਹੁਤ ਉਚਾ ਹੋਵੇ। ਕਿਸੇ ਦੁਸ਼ਟ ਦੋਖੀ ਨੂੰ ਸੋਧਣ ਦਾ ਹੱਕ ਉਸ ਗੁਰਮੁਖ ਨੂੰ ਹੀ ਹੈ, ਜਿਸਦਾ ਆਪਣਾ ਜੀਵਨ ਇਖਲਾਕ ਉਸ ਦੁਸ਼ਟ ਤੋਂ ਬਹੁਤ ਉੱਚਾ ਹੋਵੇ। ਇਨ੍ਹਾਂ ਲੀਹਾਂ 'ਤੇ ਤੁਰਦਿਆਂ ਹੀ ਸਤਿਗੁਰਾਂ ਸਾਡੇ 'ਤੇ ਮਿਹਰ ਕਰਨੀ ਹੈ।

-ਹਰਜਿੰਦਰ ਸਿੰਘ,
ਸੁਖਦੇਵ ਸਿੰਘ ਪੂਨਾ ਜੇਲ੍ਹ

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM

# ‘ਰੰਗਲਾ ਪੰਜਾਬ ...ਕਿਧਰ ਤੁਰ ਪਿਆ’



**ਲਗਭਗ** ਹਰ 40 ਸਾਲ ਬਾਅਦ ਪੰਜਾਬੀਆਂ ਚ ਕੋਈ ਨਾ ਕੋਈ ਅਜਿਹੀ ਉੱਚੇਚੀ ਸ਼ਖਸੀਅਤ ਦੀ ਆਮਦ ਤੇ ਵਿਵਾਦ ਪੈਦਾ ਹੁੰਦੇ ਰਹੇ ਹਨ ਜਿਸ ਬਾਰੇ ਵਿਰੋਧ ਤੇ ਹਮਾਇਤ ਕਰਨ ਵਾਲਿਆਂ ਚ ਚਰਚਾ ਦਾ ਵਿਸ਼ਾ ਬੜਾ ਤਿੱਖਾ ਤੇ ਖਿਚਾਅ ਭਰਪੂਰ ਬਣਿਆ ਰਹਿੰਦਾ ਹੈ।ਇਹ ਵੀ ਸਚਾਈ ਏ ਕਿ ਐਨੇ ਕੁ ਵਕਤ ਬਾਅਦ ਪੰਜਾਬੀਆਂ ਨੂੰ ਨਾਜ਼ੁਕ ਵਕਤ ਦਾ ਮੁਕਾਬਲਾ ਕਰਨਾ ਹੀ ਪੈਂਦਾ ਹੈ ,ਮੈਂ ਕੁਝ ਨਈਂ ਕਹਿੰਦਾ ਇਸ ਦਾ ਇਤਿਹਾਸ ਗਵਾਹ ਹੈ।ਵੱਡੀ ਗੱਲ ਇਹ ਹੈ ਕਿ ਹਰ ਵਾਰ ਪੰਜਾਬੀ ਦੂਣ ਸਿਵਾਏ ਹੋ ਕੇ ਨਿੱਤਰੇ ਹਨ।ਅੱਜ ਪੰਜਾਬ ਅਜੇਹੇ ਮੋੜ ਤੇ ਖੜਾ ਹੈ ਜਿੱਥੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਹੋਂਦ ਤੇ ਪ੍ਰਸ਼ਨਚਿੰਨ੍ਹ ਲੱਗ ਰਹੇ ਹਨ। ਨੌਜਵਾਨ ਪੀੜੀ ਦੇ ਸਿਰ ਤੇ ਪ੍ਰਵਾਸ ਦਾ ਭੂਤ ਸਵਾਰ ਹੈ,ਨਸ਼ਿਆਂ ਦੀ ਭਰਮਾਰ ਤੋਂ ਡਰਦੇ ਮਾਪੇ ਆਪਣੇ ਬੱਚਿਆਂ ਦੇ ਪ੍ਰਵਾਸ ਤੇ ਖੁਦ ਮੁਬਾਰਕਬਾਦ ਦੇਣ-ਲੈਣ ਚ ਸਕੂਨ ਮਹਿਸੂਸ ਕਰਦੇ ਹਨ। ਅਜਿਹੇ ਹਾਲਾਤ ਚ ਪੰਜਾਬੀਅਤ ਦੀ ਗੱਲ ਕਰਨੀ ਆਪਣੇ-ਆਪ ਚ ਵਿਵਾਦਗ੍ਰਸਤ ਜਾਪਣੀ ਅਸੰਭਵ ਨਹੀਂ।ਜੇਕਰ ਕੋਈ ਪੰਜਾਬੀ ਸੱਭਿਆਚਾਰ ਦੀ ਗੱਲ ਕਰਨ ਵਾਲਾ ,ਪੰਜਾਬੀਅਤ ਲਈ ਫਿਕਰਮੰਦ ਆਵਾਜ ਚੁੱਕੇਗਾ ਵੀ ਤਾਂ ਉਹ ਅਲੱਗਵਾਦੀ ਤਾਂ ਹੋਵੇਗਾ ਹੀ ,ਵਗਦੇ ਵਹਿਣ ਦੇ ਉਲਟ ਗੱਲ ਕਰਨ ਵਾਲਾ ,ਦੂਜਿਆਂ ਤੋਂ ਵੱਖਰਾ ਜਾਪੇਗਾ ਹੀ। ਕੋਈ ਵਕਤ ਸੀ ਪੰਜਾਬੀ ਦੇ ਇਕ ਉੱਘੇ ਨਾਵਲਕਾਰ ਨੇ ਅੱਜ ਤੋਂ 38 ਸਾਲ ਪਹਿਲਾਂ ਹੀ ਇਸ ਤਰਾਂ ਦੇ ਆਵਾਸ ਤੇ ਪ੍ਰਵਾਸ ਦੀ ਚਿੰਤਾ ਭਰਪੂਰ ਪੇਸ਼ਨਗੋਈ ਕਰ ਦਿੱਤੀ ਸੀ , ਉਸ ਦੀ ਚਿਤਾਵਨੀ ਨੂੰ ਵੀ ਅਲੱਗ ਕਿਸਮ ਦੀ ਰੰਗਤ ਦੇਣ ਵਾਲੇ ਅਖੌਤੀ ਵਿਦਵਾਨਾਂ ਨੇ ਸੌੜੀ ਸੋਚ ਕਹਿ ਕੇ ਭੰਡਿਆ ਸੀ। ਅੱਜ ਵੀ ਬਹੁਤ ਸਾਰੇ ਹਨ ਜੋ ਦੁਨੀਆ ਨੂੰ ਮੁੱਠੀ ਚ ਬੰਦ ਕਰਨ ਦੇ ਮੁਦਈ ਹਨ,ਪੂਰੀ ਦੁਨੀਆ ਨੂੰ ਇੱਕ ਮੰਡੀ ਹੋਇਆਂ ਦੇਖਣ ਦੇ ਅਭਿਲਾਸ਼ੀ ਹਨ। ਕੀ ਇਸ ਤਰਾਂ ਦੇ ਸਭਿਆਚਾਰ ਚ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਘੱਟ ਹੋਣ ਦੀ ਸੰਭਾਵਨਾ ਹੈ ? ? ਬਿਲਕੁਲ ਨਹੀਂ ,ਸਮੁੰਦਰ ਚ ਨਦੀਆਂ ,ਦਰਿਆ, ਚਸ਼ਮੇ ਸਭ ਖਾਰੇ ਹੋ ਜਾਂਦੇ ਹਨ ਕੁਝ ਵੀ ਮਨੁੱਖਤਾ ਦੀ ਤਿਸ਼ਨਗੀ ਘਟਾਉਣ ਦੇ ਯੋਗ ਨਹੀਂ ਰਹਿੰਦਾ।ਇਸ ਲਈ ਹਰ ਤਰਾਂ ਦੇ ਸਭਿਆਚਾਰ ਦਾ ਕਾਇਮ ਰਹਿਣਾ ਜਰੂਰੀ ਹੈ ।ਗੱਲ ਪੰਜਾਬੀਅਤ ਦੀ ਕਰੀਏ ਤਾਂ ਇਸ ਨੂੰ ਬਚਾਉਣ ਲਈ ਹਰ ਹੀਲਾ ਕਰਕੇ ਬੇਥਾਹ ਪ੍ਰਵਾਸ ਨੂੰ ਬੰਨ੍ਹ ਮਾਰਨਾ ਪਵੇਗਾ ,ਬੇਸ਼ੱਕ ਆਵਾਸ ਤੇ ਪ੍ਰਵਾਸ ਨੂੰ ਪੂਰੀ ਤਰਾਂ ਰੋਕਣਾ ਅਸੰਭਵ ਹੈ ਤੇ ਕੁਦਰਤੀ ਵਹਾਅ ਦੇ ਉਲਟ ਵੀ ਹੈ ਪਰ ਇਸ ਨੂੰ ਸੰਤੁਲਿਤ ਹੱਦ ਤੱਕ ਸੀਮਿਤ ਰੱਖਣਾ ਵੀ ਜਰੂਰੀ ਹੈ।ਕੋਈ ਮਜਦੂਰੀ ਕਰਨ ਜਾਂਦਾ ਹੈ ਜਾ ਆਉਂਦਾ ਹੈ ਤਾਂ ਉਸ ਨੂੰ ਜ਼ਿੰਦਗੀ ਜਿਊਣ ਦਾ ਹੱਕ ਬਿਨਾਂ ਵਿਤਕਰੇ ਤੋਂ ਮਿਲੇ ,ਪਰ ਵੋਟਾਂ ਦੀ ਗੰਦਲੀ ਰਾਜਨੀਤੀ ਚ ਉਸ ਨੂੰ ਸਥਾਨਕ ਨਾਗਰਿਕ ਬਣਾਉਣ ਬਾਰੇ ਠੋਸ ਤੇ ਪ੍ਰੀਖਿਅਕ ਨੀਤੀ ਦੀ ਸਖਤ ਲੋੜ ਹੈ। ਪੰਜਾਬ ਤੋਂ ਵੱਖਰੇ ਹੋ ਕੇ ਹਿਮਾਚਲ ਪ੍ਰਦੇਸ਼ ਜਦ ਦੂਜੇ ਰਾਜਾਂ ਨਾਲ ਸਬੰਧਤ ਲੋਕਾਂ ਨੂੰ ਕਿਸੇ ਤਰਾਂ ਦੀ ਸਥਾਨਕਤਾ ਦੇਣ ਤੋਂ ਇਨਕਾਰੀ ਹੈ,ਰਾਜਸਥਾਨ ’ਚ ਵਿਸ਼ੇਸ਼ ਕਾਨੂੰਨ ਹੈ ਇਸ ਸਬੰਧੀ,ਜੰਮੂ-ਕਸ਼ਮੀਰ ਵਿਚ ਕੋਈ ਗੈਰ-ਸਥਾਨਕ ਬਸ਼ਰ ਸਥਾਨਕਤਾ ਹਾਸਲ ਨਹੀਂ ਕਰ ਸਕਦਾ ,ਮਹਾਂਰਾਸ਼ਟਰ ਅਤੇ ਹੋਰ ਕਈ ਰਾਜਾਂ ਨੇ ਆਪਣੇ ਰਾਜ ਅਧਿਕਾਰ ਰਾਹੀਂ ਇਸ ਤਰਾਂ ਦੀ ਵਿਵਸਥਾ ਕੀਤੀ ਹੋਈ ਹੈ ਕਿ ਉੱਥੋਂ ਦੇ ਸਭਿਆਚਾਰ ਤੇ ਕੋਈ ਪ੍ਰਵਾਸੀ ਸਭਿਆਚਾਰ ਭਾਰੂ ਨਾ ਪਵੇ ,ਤਾਂ ਪੰਜਾਬ ਦੇ ਸਿਆਸਤਦਾਨ ਤੇ ਅਖੌਤੀ ਵਿਦਵਾਨ ਕਿਉਂ ਸੁੱਤੇ ਰਹੇ ਹਨ ਹੁਣ ਤੱਕ ਪੰਜਾਬ ਬੇਸ਼ੱਕ ਭਾਰਤ ਦੀ ਖੜਗ- ਭੁਜਾ ਜਾਣੀ ਜਾਂਦੀ ਰਹੀ ਏ,ਹੈ ਵੀ ’ਤੇ ਅੱਗੇ ਰਹੇ ਵੀ , ਕਾਮਨਾ ਕਰਦੇ ਹਾਂ,ਪਰ ਪੰਜਾਬ ,ਪੰਜਾਬ ਤਾਂ ਰਹੇ!।ਏਥੇ ਰੋਜੀ-ਰੋਟੀ ਕਮਾਉਣ ਆਉਂਦੇ ਪ੍ਰਵਾਸੀ ਮਜ਼ਦੂਰਾਂ ਨੂੰ ਰੁਜ਼ਗਾਰ ਮਿਲੇ ਪਰ ਸਥਾਨਕਤਾ ਲਈ ਠੋਸ ਨੀਤੀ ਤੇ ਖਰੇ ਉਤਰਣ ਲਈ ਲਾਜਮ ਕੀਤਾ ਜਾਵੇ।ਪੰਜਾਬ ਮੂਲ ਨਿਵਾਸੀਆਂ ਨੂੰ ਰੁਜ਼ਗਾਰ ਦੇ ਹਰ ਖੇਤਰ ਵਿਚ ਪਹਿਲ ਦਿੱਤੀ ਜਾਵੇ, ਨਸਲੀ ਵਿਤਕਰੇ ਤੋਂ ਬਿਨਾਂ ਹਰ ਪੰਜਾਬੀ ਮਾਣ-ਸਨਮਾਨ ਨਾਲ ਮਨੁੱਖੀ ਹੱਕਾਂ ਦਾ ਆਨੰਦ ਮਾਣੇ!

ਪੂਰੀ ਮਨੁੱਖਤਾ ਦੇ ਮੁਦਈ ਵਿਦਵਾਨਾਂ , ਸਿਆਸਤਦਾਨਾਂ ਅਤੇ ਪੰਜਾਬੀਅਤ ਦੇ ਅਲੰਬਰਦਾਰਾਂ ਨੂੰ ਸਿਰ ਜੋੜ ਕੇ ਬੈਠਣਾ ਪਵੇਗਾ,ਪੰਜਾਬ ਨੂੰ ਨਸ਼ਾ ਮੁਕਤ ਤੇ ਰੰਗਲਾ ਪੰਜਾਬ ਬਣਾਉਣ ਲਈ, ਹਰ ਤਰਾਂ ਦੇ ਮਾਫੀਆ ਸਿਸਟਮ ਦੇ ਖਾਤਮੇ ਲਈ, ਅੰਤਹੀਣ, ਬੇਥਵਾ ਪ੍ਰਵਾਸੀ ਪ੍ਰਵਾਹ ਰੋਕਣ ਲਈ। ਫਿਰ ਕੋਈ ਪੰਜਾਬ ਹਿਤੈਸ਼ੀ ਚੀਖ ਚੀਖ ਕੇ ਪੁਕਾਰ ਨਹੀਂ ਕਰੇਗਾ,ਕਾਨੂੰਨ ਕੰਮ ਕਰੇਗਾ ਤਾਂ ਇਨਸਾਫ ਲਈ ਕਿਸੇ ਨੂੰ ਬਾਗੀ , ਨਾਬਰ ਜਾ ਅਲੱਗਵਾਦੀ ਕਹਾਉਣ ਲਈ ਮਜਬੂਰ ਨਹੀਂ ਹੋਣਾ ਪਵੇਗਾ।

**-ਅਮਰਜੀਤ ਸਿੰਘ ਜੀਤ**
**9417287122**

ਆਵਾਜ਼ਿ ਕੌਮ AWAZE QAUM International Newspaper & WEB TV

# ਕੇਂਦਰ ਸਰਕਾਰ ,ਵਿਰੋਧੀ ਧਿਰ ਅਤੇ ਜਾਤ ਅਧਾਰਿਤ ਜਨਗਣਨਾ

**ਕਿਸੇ ਦੇਸ਼** ਦੀ ਸਮੁੱਚੀ ਆਬਾਦੀ ਦੀ ਗਣਨਾ ਉੱਥੇ ਵਸਦੇ ਵੱਖ ਵੱਖ ਵਰਗਾਂ ਦੇ ਸਮਾਜਿਕ ਅਤੇ ਆਰਥਿਕ ਸਰੋਕਾਰਾਂ ਨਾਲ ਸਬੰਧਤ ਮਸਲਿਆਂ ਲਈ ਤਜਵੀਜ਼ਤ ਭਵਿੱਖੀ ਪੰਜ ਸਾਲਾ ਯੋਜਨਾਵਾਂ ਬਣਾਉਣ ਲਈ ਅਤਿ ਲੋੜੀਂਦੀ ਹੁੰਦੀ ਹੈ। ਇਹਨਾਂ ਯੋਜਨਾਵਾਂ ਰਾਹੀਂ ਕਿਸੇ ਵਰਗ,ਖਿੱਤੇ, ਅਤੇ ਸਮਾਜ ਵਿਚਲੇ ਅਨੁਸੂਚਿਤ,ਪਛੜੇ ਅਤੇ ਆਰਥਿਕ ਮੰਦਹਾਲੀ ਦਾ ਸ਼ਿਕਾਰ ਵਰਗਾਂ ਦੀ ਭਲਾਈ ਤੋਂ ਇਲਾਵਾ, ਸੜਕਾਂ, ਹਸਪਤਾਲਾਂ, ਕਾਰਖਾਨਿਆਂ ਅਤੇ ਰੇਲਵੇ ਆਦਿ ਦੀਆਂ ਸੇਵਾਵਾਂ ਤੋਂ ਇਲਾਵਾ ਹੋਰ,ਹਰ ਤਰਾਂ ਦੇ ਲੋਕ ਹਿਤੂ ਕਾਰਜਾਂ ਦਾ ਪ੍ਰਬੰਧ ਕਰਨ ਹਿਤ ਆਮਦਨ ਅਤੇ ਖਰਚ ਦਾ ਇੱਕ ਤਰ੍ਹਾਂ ਨਾਲ ਅੰਦਾਜ਼ਾ ਲਗਾਉਣਾ ਹੁਦਾ ਹੈ। ਹਰ ਲੋਕਤੰਤਰੀ ਸਰਕਾਰ ਦੀ ਇਹ ਬੁਨਿਆਦੀ ਜਿੰਮੇਵਾਰੀ ਹੋ ਨਿੱਬੜਦੀ ਹੈ ਕਿ ਉਹ ਦੇਸ਼ ਦੇ ਕਾਇਦੇ ਕਾਨੂੰਨ ਅਨੁਸਾਰ ਆਪਣੇ ਨਾਗਰਿਕਾਂ ਦੇ ਹਿਤਾਂ ਦੀ ਪੂਰਤੀ ਲਈ ਤਰਜੀਹੀ ਅਧਾਰ ’ਤੇ ਢੁਕਵੇਂ ਉਪਰਾਲੇ ਕਰੇ। ਪ੍ਰੰਤੂ ਆਮ ਹੀ ਦੇਖਣ ’ਚ ਆਉਂਦਾ ਹੈ ਕਿ ਪੂਰਨ ਬਹੁਮਤ ਵਾਲੀਆਂ ਲੋਕਤੰਤਰੀ ਸਰਕਾਰਾਂ ਵੀ ਅਜਿਹੀ ਗਿਣਤੀ ਕਰਵਾਉਣ ਤੋਂ ਕਿਤੇ ਨਾ ਕਿਤੇ ਜਾਣ ਬੁੱਝ ਕੇ ਟਾਲਾ ਵੱਟਦੀਆਂ ਹੀ ਦੇਖੀਆਂ ਜਾਦੀਆਂ ਹਨ। ਅਜਿਹਾ ਕਰਦਿਆਂ ਉਹ ਸਿਰਫ਼ ਜਨਤਕ ਹਿਤਾਂ ਨੂੰ ਹੀ ਅਣਗੌਲਿਆਂ ਨਹੀਂ ਕਰਦੀਆਂ ਸਗੋਂ ਆਪਣੇ ਦੇਸ਼ ਦੇ ਸੰਵਿਧਾਨ ਦੀ ਉਲੰਘਣਾ ਵੀ ਕਰ ਰਹੀਆਂ ਹੁੰਦੀਆਂ ਹਨ। ਭਾਰਤੀ ਸੰਵਿਧਾਨ ਅਨੁਸਾਰ ਦੇਸ਼ ਵਿਚ ਹਰ ਦਸ ਸਾਲ ਬਾਅਦ ਜਨ ਗਣਨਾ ਕਰਵਾਉਣ ਦਾ ਪ੍ਰਾਵਧਾਨ ਹੈ ।ਪ੍ਰੰਤੂ ਜਾਣਕਾਰੀ ਅਨੁਸਾਰ ਭਾਰਤ ’ਚ ਸਾਲ 2011ਤੋਂ ਬਾਅਦ ਜਨਗਣਨਾ ਨਹੀਂ ਹੋਈ। ਇਸ ਪਿੱਛੇ ਕੇਂਦਰੀ ਸਰਕਾਰ ਦੀ ਮਨਸਾ ਅਤੇ ਤਕਨੀਕੀ ਕਾਰਨਾਂ ਬਾਰੇ ਜਨਤਕ ਤੌਰ ’ਤੇ ਸਰਕਾਰ ਵੱਲੋਂ ਕੋਈ ਅਧਿਕਾਰਿਤ ਬਿਆਨ ਜਾਂ ਪੱਤਰ ਵੀ ਅਜੇ ਤੱਕ ਸਾਹਮਣੇ ਨਹੀਂ ਆਇਆ। ਅਪੁਸਟ ਰਿਪੋਰਟਾਂ ਅਨੁਸਾਰ ਗਣਨਾ ਦਾ ਨਾ ਹੋਣ ਦਾ ਕਾਰਨ ਕਰੋਨਾ ਕਾਲ ਨੂੰ ਮੰਨਿਆ ਜਾ ਰਿਹਾ ਹੈ। ਪ੍ਰੰਤੂ ਕਰੋਨਾ ਕਾਲ ਦੀ ਸਮਾਪਤੀ ਤੋਂ ਬਾਅਦ ਹਾਲਾਤ ਆਮ ਵਰਗੇ ਹੋਣ ’ਤੇ ਵੀ ਅਜਿਹਾ ਨਾ ਹੋਣਾ ਸਰਕਾਰ ਦੇ ਨਾਪਾਕ ਮਨਸੂਬਿਆਂ ਦੀ ਪੁਸ਼ਟੀ ਜਰੂਰ ਕਰਦਾ ਹੈ। ਸੋਸ਼ਲ, ਬਿਜਲਈ ਅਤੇ ਸੰਚਾਰ ਦੇ ਹੋਰ ਆਧੁਨਿਕ ਸ੍ਰੋਤਾਂ ਕਾਰਨ ਦੇਸ਼ ’ਚ ਹਜ਼ਾਰਾਂ ਸਾਲਾਂ ਤੋਂ ਸਥਾਪਤ ਜਾਤੀ ਵਿਵਸਥਾ ਦੀਆਂ ਪਰਤਾਂ ਖੁੱਲਣ ਨਾਲ ਵੱਡੀਆਂ ਤਬਦੀਲੀਆਂ ਦੇਖਣ ਸੁਣਨ ਨੂੰ ਮਿਲ ਰਹੀਆਂ ਹਨ। ਇਹਨਾ ਸਾਧਨਾਂ ਦੀ ਵੱਡੇ ਪੱਧਰ ’ਤੇ ਵਰਤੋਂ ਕਾਰਨ ਸੰਸਾਰ ਇੱਕ ਤਰਾਂ ਨਾਲ ਸੁੰਗੜ ਕੇ ਰਹਿ ਗਿਆ ਹੈ। ਜਿਸ ਕਾਰਨ ਲੋਕ ਇੱਕ ਦੂਸਰੇ ਦੇ ਸਿਰਫ਼ ਨੇੜੇ ਹੀ ਨਹੀਂ ਹੋਏ ,ਸਗੋਂ ਆਪਣੇ ਅਧਿਕਾਰਾਂ, ਫਰਜਾਂ ਅਤੇ ਸਰਕਾਰ ਦੇ ਕੰਮ ਕਰਨ ਦੇ ਤੌਰ ਤਰੀਕਿਆਂ ਦੀ ਅੰਦਰੂਨੀ ਜਾਣਕਾਰੀ ਬਾਰੇ ਸੁਚੇਤ ਹੋਏ ਹਨ। ਦੇਸ਼ ’ਚ ਵਸਦੀ ਅਨੁਸੂਚਿਤ ਅਤੇ ਪਛੜੀਆਂ ਸ਼੍ਰੇਣੀਆਂ ਦੀ ਵੱਡੀ ਆਬਾਦੀ ਨੇ ਅਜਿਹੀ ਜਾਣਕਾਰੀ ਦੇ ਅਧਾਰ ’ਤੇ ਪਿਛਲੇ ਸਮੇਂ ਦੌਰਾਨ ਮਹਿਸੂਸ ਕੀਤਾ ਹੈ ਕਿ ਇੰਨੀ ਗਿਣਤੀ ਹੋਣ ਦੇ ਬਾਵਜੂਦ ਵੀ ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਧਾਰਮਿਕ ਤੌਰ ’ਤੇ ਸੰਸਾਰ ਦੇ ਸਭ ਤੋਂ ਵੱਡੇ ਲੋਕਤੰਤਰ ਦੇਸ਼ ’ਚ ਵੀ ਉਨਾਂ ਦੀ ਸਥਿਤੀ ਦਿਨ ਪ੍ਰਤੀ ਦਿਨ ਬਦ ਤੋਂ ਬਦਤਰ ਕਿਉਂ ਹੋ ਰਹੀ ਹੈ ? ਰਾਜਨੀਤਿਕ ਖੇਤਰ ’ਚ ਬਣਦੀ ਸੰਵਿਧਾਨਿਕ ਹਿੱਸੇਦਾਰੀ ਤਾਂ ਦੂਰ, ਸਗੋਂ ਪੰਜ ਸਾਲਾ ਯੋਜਨਾਵਾਂ ’ਚ ਵੀ ਇਹਨਾਂ ਵਰਗਾਂ ਅਤੇ ਵਿਸ਼ੇਸ਼ ਕਰਕੇ ਪਛੜੀਆਂ ਸ਼੍ਰੇਣੀਆਂ ਨੂੰ ਨਜ਼ਰਅੰਦਾਜ਼ ਹੀ ਕੀਤਾ ਜਾਂਦਾ ਹੈ। ਕਾਰਨ ਸਪਸ਼ਟ ਹੈ ਕਿ ਇਸ ਵਰਗ ਦੀ ਮਰਦਮ ਸ਼ੁਮਾਰੀ ਸਮੇਂ ਗਿਣਤੀ ਹੀ ਨਹੀਂ ਹੁੰਦੀ। ਨਤੀਜਨ ਪਛੜੇ ਵਰਗਾਂ ਦੀ ਸ਼ਨਾਖਤ ਨਾ ਹੋਣ ਕਾਰਨ ਇਹ ਰਾਖਵੇਂਕਰਨ ਦਾ ਰਾਜਨੀਤਿਕ ਅਤੇ ਹੋਰਨਾ ਖੇਤਰਾਂ ’ਚ ਮਿਲਦੇ ਲਾਭ ਤੋਂ ਵਾਂਝੇ ਹੀ ਰਹਿ ਜਾਂਦੇ ਹਨ। ਹੈਰਾਨੀਜਨਕ ਅਤੇ ਮਜੇ.ਦਾਰ ਗੱਲ ਇਹ ਹੈ ਕਿ ਅੰਗਰੇਜ਼ ਹਕੂਮਤ ਸਮੇਂ 1931’ਚ ਤਾਂ ਪਛੜੇ ਵਰਗਾਂ ਦੀ ਜਨ ਗਣਨਾ ਹੋਈ,ਪ੍ਰੰਤੂ ਆਜ਼ਾਦ ਭਾਰਤ ’ਚ ਅੱਜ ਤੱਕ ਕਦੇ ਵੀ ਮਰਦਮ ਸ਼ੁਮਾਰੀ ਲਈ ਇਹਨਾਂ ਨੂੰ ਵਿਚਾਰਿਆ ਨਹੀਂ ਗਿਆ। ਇਹੀ ਕਾਰਣ ਹੈ ਕਿ ਕੇਂਦਰ ਅਤੇ ਸੂਬਿਆਂ ਦੀ ਰਾਜਨੀਤੀ ’ਚ ਵੱਡੀ ਆਬਾਦੀ ਦੇ ਬਾਵਜੂਦ ਵੀ ਇਹਨਾਂ ਦੀ ਰਾਜਨੀਤਿਕ ਹਿੱਸੇਦਾਰੀ ਬਹੁਤ ਹੀ ਘੱਟ ਦੇਖਣ ਨੂੰ ਮਿਲਦੀ ਹੈ।ਪਿਛਲੇ ਕੁਝ ਸਮੇਂ ਤੋਂ ਪਛੜੇ ਵਰਗਾਂ ਨਾਲ ਸਬੰਧਤ ਜਥੇਬੰਦੀਆਂ ਅਤੇ ਕੁਝ ਰਾਜਸੀ ਦਲਾਂ ਵੱਲੋਂ ਜਾਤੀ ਅਧਾਰਿਤ ਗਣਨਾ ਦੀ ਮੰਗ ਜੋਰ ਸ਼ੋਰ ਨਾਲ ਉਠਾਉਣੀ ਸ਼ੁਰੂ ਕੀਤੀ ਹੈ। 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਜੇ .ਡੀ .ਯੂ ਅਤੇ ਐਲ. ਜੇ. ਪੀ ਵਰਗੇ ਦਲਾਂ ਨੇ ਜਾਤੀ ਅਧਾਰਿਤ ਗਣਨਾ ਦੀ ਮੰਗ ਉਚੇਚੇ ਤੌਰ ਤੇ ਉਠਾਉਣ ਤੋਂ ਇਲਾਵਾ ਵਿਰੋਧੀ ਧਿਰਾਂ ਦੇ ਆਗੂਆਂ ਰਾਹੁਲ ਗਾਂਧੀ, ਅਖਿਲੇਸ਼ ਯਾਦਵ ਅਤੇ ਤੇਜਸਵੀ ਯਾਦਵ ਆਦਿ ਵੱਲੋਂ ਚੁਣਾਵੀ ਮੁਹਿੰਮ ਦੌਰਾਨ ਵੀ ਜਾਤੀ ਗਣਨਾ ਦੇ ਮੁੱਦੇ ਨੂੰ ਪ੍ਰਮੁਖਤਾ ਨਾਲ ਪ੍ਰਚਾਰਿਆ ।ਮਜੌਦਾ ਕੇਂਦਰ ਸਰਕਾਰ ਦੇ ਗਠਨ ਉਪਰੰਤ ਵੀ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਵੱਲੋਂ ਲੋਕ ਸਭਾ ਸੈਸ਼ਨ ਦੇ ਦੌਰਾਨ ਜਿੱਥੇ ਸਰਕਾਰ ਨੂੰ ਹੋਰ ਜਨਤਕ ਮੁੱਦਿਆਂ ’ਤੇ ਧੜੱਲੇ ਨਾਲ ਘੇਰਿਆ, ਉੱਥੇ ਨਾਲ ਹੀ ਜਾਤੀ ਗਣਨਾ ਦੀ ਮੰਗ ਨੂੰ ਵੀ ਆਪਣੇ ਭਾਸ਼ਣ ਦੌਰਾਨ ਉਭਾਰਨ ’ਚ ਵੀ ਕੋਈ ਕਸਰ ਬਾਕੀ ਨਹੀਂ ਛੱਡੀ। ਮੀਡੀਆ ਅਦਾਰਿਆਂ ਅਨੁਸਾਰ ਕੇਂਦਰੀ ਸਰਕਾਰ ਇਸ ਮੁੱਦੇ ਨੂੰ ਲੈ ਕੇ ਪੂਰੀ ਤਲਖ਼ੀ ਅਤੇ ਘਬਰਾਹਟ ’ਚ ਜਾਪਦੀ ਹੈ। ਇਸ ਦਾ ਇੱਕ ਕਾਰਨ ਇਹ ਵੀ ਮੰਨਿਆ ਜਾ ਰਿਹਾ ਹੈ ਕਿ ਨੈਸ਼ਨਲ ਡੈਮੋਕਰੇਟਿਕ ਅਲਾਇੰਸ ’ਚ ਸ਼ਾਮਲ ਕੁਝ ਰਾਜਨੀਤਿਕ ਧਿਰਾਂ ਵੱਲੋਂ ਜਾਤੀ ਗਣਨਾ ਕਰਵਾਉਣ ਦੀ ਪਿਛਲੇ ਸਮੇਂ ਦੌਰਾਨ ਸਿਰਫ਼ ਮੰਗ ਹੀ ਨਹੀਂ ਕੀਤੀ ਸਗੋਂ ਪੂਰੀ ਤਰਾਂ ਵਕਾਲਤ ਵੀ ਕਰਦੇ ਰਹੇ ਹਨ। ਭਾਜਪਾ ਨੂੰ ਅੰਦਰੋਂ ਅੰਦਰ ਇਹ ਖੌਫ ਵੀ ਖਾ ਰਿਹਾ ਹੈ ਕਿ ਜਾਤੀ ਗਣਨਾ ਹੋਣ ਨਾਲ ਪਾਰਟੀ ਦੇ ਹਿੰਦੂਆਂ ਨੂੰ ਇੱਕ ਜੁੱਟ ਰੱਖਣ ਦੇ ਏਜੰਡੇ ਨੂੰ ਅਣਕਿਆਸੀ ਠੇਸ ਵੀ ਪਹੁੰਚ ਸਕਦੀ ਹੈ। ਇਹੀ ਕਾਰਨ ਹੈ ਕਿ ਭਾਜਪਾ ਲਗਾਤਾਰ ਪ੍ਰਚਾਰ ਰਹੀ ਹੈ ਕਿ ਅਜਿਹਾ ਹੋਣ ਨਾਲ ਸਮਾਜ ’ਚ ਵੰਡੀਆਂ ਪੈ ਸਕਦੀਆਂ ਹਨ, ਜੋ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਗੰਭੀਰ ਖਤਰਾ ਹੋ ਸਕਦਾ ਹੈ। ਸਿਰਫ ਇੰਨਾ ਹੀ ਨਹੀਂ ਜੇਕਰ ਐਨ.ਡੀ.ਏ ਦੇ ਘਟਕ ਦਲਾਂ ’ਤੇ ਜਨਤਕ ਅਤੇ ਰਾਜਨੀਤਕ ਦਬਾਅ ਲਗਾਤਾਰ ਇਸੇ ਤਰ੍ਹਾਂ ਵੱਧਦਾ ਗਿਆ ਤਾਂ ਸਰਕਾਰ ਲਈ ਕੋਈ ਵੱਡੀ ਸਮੱਸਿਆ ਵੀ ਦਰਪੇਸ਼ ਹੋ ਸਕਦੀ ਹੈ।ਰਾਹੁਲ ਗਾਂਧੀ ਅਤੇ ਇੰਡੀਆ ਬਲਾਕ ਦੇ ਆਗੂਆਂ ਵੱਲੋਂ ਇਹ ਮੁੱਦਾ ਉਠਾ ਕੇ ਇੱਕ ਤੀਰ ਨਾਲ ਕਈ ਨਿਸ਼ਾਨੇ ਫੁੰਡਣ ਦਾ ਯਤਨ ਕੀਤਾ ਹੈ। ਅਜਿਹਾ ਕਰਕੇ ਉਨਾਂ ਨੇ ਐਨ.ਡੀ.ਏ ਦੇ ਭਾਈਵਾਲਾਂ ਨੂੰ ਵੀ ਕਸੂਤੀ ਸਥਿਤੀ ’ਚ ਫਸਾ ਦਿੱਤਾ ਹੈ। ਜੇਕਰ ਉਹ ਇਸ ਗਣਨਾ ਦੇ ਪੱਖ ’ਚ ਖੜਦੇ ਹਨ ਤਾਂ ਸਰਕਾਰ ’ਚ ਨੈਤਿਕ ਤੌਰ ’ਤੇ ਬਣੇ ਰਹਿਣਾ ਆਸਾਨ ਨਹੀਂ ਹੋਵੇਗਾ ਅਤੇ ਜੇਕਰ ਵਿਰੋਧ ਕਰਦੇ ਹਨ ਤਾਂ ਭਵਿੱਖ ’ਚ ਵੱਡੇ ਵੋਟ ਬੈਂਕ ਤੋਂ ਹੱਥ ਧੋਣੇ ਪੈ ਸਕਦੇ ਹਨ। ਇਸ ਸਮੇਂ ਉਹਨਾਂ ਦੀ ਹਾਲਤ ਸੱਪ ਦੇ ਮੂੰਹ ’ਚ ਕੋਹੜ ਕਿਰਲੀ ਵਰਗੀ ਜਾਪਦੀ ਹੈ। ਜੇਕਰ ਛੱਡਦਾ ਹੈ ਤਾਂ ਕੋਹੜੀ, ਖਾਂਦਾ ਹੈ ਤਾਂ ਕਲੰਕੀ। ਉਧਰ ਦੂਜੇ ਪਾਸੇ ਅਨੁਸੂਚਿਤ ਅਤੇ ਪਛੜੀਆਂ ਜਾਤੀਆਂ ਦੇ ਮੁੱਦੇ ਉਭਾਰ ਕੇ ਕਾਂਗਰਸ ਵੱਲੋਂ ਬਹੁਜਨ ਸਮਾਜ ਪਾਰਟੀ ਲਈ ਵੀ ਵੱਡੀ ਮੁਸ਼ਿਕਲ ਪੈਦਾ ਕਰ ਦਿੱਤੀ ਹੈ। ਅਜਿਹਾ ਪੈਂਤੜਾ ਅਪਣਾਉਦਿਆਂ ਕਾਂਗਰਸ ਵੱਲੋ ਬਸਪਾ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਇੱਕ ਤਰ੍ਹਾਂ ਨਾਲ ਆਪਣੇ ਹੱਥ ਹੇਠ ਹੀ ਕਰ ਲਿਆ ਹੈ। ਜਿਸ ਦੀ ਪੁਖਤਾ ਉਦਾਹਰਣ ਦੇਸ਼ ਦੇ ਸਭ ਤੋਂ ਵੱਡੇ ਸੂਬੇ ਉੱਤਰ ਪ੍ਰਦੇਸ਼ ’ਚ ਬਸਪਾ ਦੇ ਵੋਟ ਬੈਂਕ ਨੂੰ ਲੰਘੀਆਂ ਲੋਕ ਸਭਾ ਚੋਣਾਂ ’ਚ ਲੱਗੇ ਵੱਡੇ ਖੋਰੇ ਤੋਂ ਪ੍ਰਤੱਖ ਰੂਪ ’ਚ ਦੇਖੀ ਜਾ ਸਕਦੀ ਹੈ। ਜਥੇਬੰਦੀਆਂ ਅਤੇ ਵਿਰੋਧੀ ਧਿਰ ਦੇ ਦਬਾਆ ਕਰਨ ਹੁਣ ਜਦੋਂ ਆਰ.ਐਸ.ਐਸ ਵੱਲੋਂ ਵੀ ਦੱਬੀ ਜੁਬਾਨ ’ਚ ਜਾਤੀ ਗਣਨਾ ਦਾ ਸਮਰਥਨ ਕਰਨਾ ਸ਼ੁਰੂ ਕਰ ਦਿੱਤਾ ਦਿੱਤਾ ਹੈ ਤਾਂ ਮੋਦੀ ਸਰਕਾਰ ਸਮੇਤ ਭਾਜਪਾ ਦੇ ਸੀਨੀਅਰ ਆਗੂਆਂ ਦੀ ਨੀਂਦ ਉੱਡਣ ਲੱਗੀ ਹੈ। ਕਿਉਂ ਕੇ ਕੇਰਲਾ ਦੇ ਪਲੱਕੜ ’ਚ ਹੋਏ ਆਰ.ਐਸ.ਐਸ ਦੇ ਤਿੰਨ ਰੋਜ਼ਾ ਸੰਮੇਲਨ ’ਚ ਜਾਤੀ ਗਣਨਾ ਦਾ ਮੁੱਦਾ ਵਿਚਾਰਦਿਆਂ ਇਸ ਨੂੰ ਸੰਵੇਦਨਸ਼ੀਲ ਕਰਾਰ ਦੇ ਦੇ ਕੇ ਗੰਭੀਰਤਾ ਨਾਲ ਨਿਪਟਾਉਣ ਦੀਆਂ ਗੱਲਾਂ ਵੀ ਸਾਹਮਣੇ ਆਈਆਂ ਹਨ। ਸੰਘ ਦੇ ਬੁਲਾਰੇ ਨੇ ਜਾਤੀਆਂ ਦੇ ਵਰਗੀਕਰਨ ਬਾਰੇ ਕਿਹਾ ਕਿ ਅਨੁਸੂਚਿ ਜਾਤੀਆਂ ਅਤੇ ਜਨ ਜਾਤੀਆਂ ਦੇ ਉਪ ਵਰਗੀਕਰਨ ਬਾਰੇ ਕੋਈ ਵੀ ਕਦਮ ਉਠਾਉਣ ਤੋਂ ਪਹਿਲਾਂ ਇਹਨਾਂ ਦੀ ਸਹਿਮਤੀ ਜਰੂਰੀ ਹੈ। ਸਹਿਮਤੀ ਬਗੈਰ ਕੁਝ ਵੀ ਕਰਨਾ ਪਾਰਟੀ ਅਤੇ ਸਰਕਾਰ ਦੇ ਹਿਤ ’ਚ ਨਹੀਂ ਹੋਵੇਗਾ ।ਮਾਨਯੋਗ ਸੁਪਰੀਮ ਕੋਰਟ ਵੱਲੋਂ ਪਿਛਲੇ ਦਿਨੀ ਦਿੱਤੇ ਆਦੇਸ਼ਾਂ ਜਿਸ ਅਨੁਸਾਰ ਐਸ. ਸੀ ਅਤੇ ਐਸ.ਟੀ ਜਾਤੀਆਂ ਲਈ ਉਪ ਵਰਗ ਹੋਣ ਦੀ ਗੱਲ ਵੀ ਕਹੀ ਗਈ ਹੈ, ਤਾਂ ਜੋ ਹਾਸ਼ੀਏ ’ਤੇ ਧੱਕੀਆਂ ਹੋਈਆਂ ਹੋਰ ਦਲਿਤ ਜਾਤੀਆਂ ਨੂੰ ਵੀ ਰਾਖਵੇਂਕਰਨ ਦਾ ਬਣਦਾ ਲਾਭ ਮਿਲ ਸਕੇ। ਇਹਨਾਂ ਜਾਤੀਆਂ ਨਾਲ ਸੰਬੰਧਿਤ ਦੂਸਰੇ ਵੱਡੇ ਸਮੂਹਾਂ ਦੇ ਵਿਰੋਧ ਕਾਰਨ ਭਾਜਪਾ, ਕਾਂਗਰਸ ਸਮੇਤ ਕਈ ਹੋਰ ਪਾਰਟੀਆਂ ਵੀ ਇਸ ਮੁੱਦੇ ਦੀ ਸੰਵੇਦਨਸ਼ੀਲਤਾ ਨੂੰ ਦੇਖਦਿਆਂ ਜਾਤੀ ਗਣਨਾ ਤੋਂ ਕੰਨੀ ਕਤਰਾਉਣ ਦੇ ਰੌਅ ’ਚ ਦਿਖਾਈ ਦੇ ਰਹੀਆਂ ਹਨ, ਪ੍ਰੰਤੂ ਮਾਮਲਾ ਵੱਡੇ ਪੱਧਰ ਤੇ ਉਭਰਨ ਕਾਰਨ ਰਾਜਨੀਤਿਕ ਦਲਾਂ ਲਈ ਇਹ ਮੁੱਦਾ ਗਲੇ ਦੀ ਹੱਡੀ ਬਣਦਾ ਜਾ ਰਿਹਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਦੁਖਦਾਈ ਖਬਰ



**ਚੰਡੀਗੜ੍ਹ, 9 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਗੁਰਪ੍ਰੀਤ ਸਿੰਘ ਹਰੀ ਨੌਂ ਦਾ ਅਣਪਛਾਤਿਆਂ ਵੱਲੋਂ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ।ਪਿੰਡ ’ਚ ਹੀ ਮੋਟਰਸਾਈਕਲ ਸਵਾਰ ਵਿਅਕਤੀਆਂ ਨੇ ਗੁਰਪ੍ਰੀਤ ਸਿੰਘ ਹਰੀ ਨੌਂ ਨੂੰ ਗੋਲੀਆਂ ਮਾਰੀਆਂ। ਇਲਾਕੇ ਵਿੱਚ ਸੋਗ ਦੀ ਲਹਿਰ ਹੈ। ਕਈ ਰਾਜਸੀ, ਧਾਰਮਿਕ ਤੇ ਪੰਥਕ ਹਿਤੈਸ਼ੀਆਂ ਨੇ ਉਨ੍ਹਾਂ ਦੇ ਕਤਲ ’ਤੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਪੰਜਾਬ ਸਰਕਾਰ ਨੂੰ ਕੋਸਿਆ ਕਿ ਪੰਜਾਬ ਕੋਈ ਲਾਅ ਐਂਡ ਆਰਡਰ ਦੀ ਸਥਿਤੀ ਨਹੀਂ ਹੈ। ਰੋਜ਼ਾਨਾ ਅਣਪਛਾਤਿਆਂ ਵੱਲੋਂ ਗੋਲੀਆਂ ਮਾਰ ਕੇ ਕਤਲ ਕੀਤੇ ਜਾ ਰਹੇ ਹਨ ਪਰ ਨਾ ਤਾਂ ਪ੍ਰਸ਼ਾਸਨ, ਨਾ ਪੁਲਿਸ ਅਤੇ ਨਾ ਹੀ ਪੰਜਾਬ ਦੇ ਮੁੱਖ ਮੰਤਰੀ ਦੇ ਕੰਨਾਂ ’ਤੇ ਜੂੰ ਸਰਕ ਰਹੀ ਹੈ। ਇਸ ਤਰ੍ਹਾਂ ਰੋਜ਼ਾਨਾ ਹੁੰਦੇ ਕਤਲਾਂ ਕਾਰਨ ਪੰਜਾਬ ਦੇ ਲੋਕ ਸਹਿਮ ਦੇ ਸਾਏ ਹੇਠ ਜੀਅ ਰਹੇ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸਵਛਤਾ ਹੀ ਜੀਵਨ ਦਾ ਅਸਲ ਅਧਾਰ ,ਕੌਮੀ ਸਫਾਈ ਅਭਿਆਨ ਨਾਲ਼ ਸਾਨੂੰ ਸਭ ਨੂੰ ਜੁੜਨਾ ਚਾਹੀਦਾ : ਨਿੰਦੀ ਮੰਗਿਆਲ ਸਮਾਜ ਸੇਵਕ

**ਪਠਾਨਕੋਟ, 9 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਅੱਜ ਨਹਿਰੂ ਯੂਵਾ ਕੇਂਦਰ ਗੁਰਦਾਸਪੁਰ ਭਾਰਤ ਸਰਕਾਰ ਦੀ ਜਿਲ੍ਹਾ ਯੂਥ ਅਫ਼ਸਰ ਸੰਦੀਪ ਕੌਰ ਜੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਪਬਲਿਕ ਵਿਕਾਸ ਕੌਂਸਲ ਐਨ, ਜੀ, ਓ ਸੁਜਾਨਪੁਰ ਦੇ ਪ੍ਰਧਾਨ ਨਰਿੰਦਰ ਨਿੰਦੀ ਮੰਗਿਆਲ ਦੀ ਪ੍ਰਧਾਨਗੀ ਹੇਠ ਸਰਕਾਰੀ ਹਸਪਤਾਲ ਕੁਆਟਰ ਤੇ ਹਸਪਤਾਲ ਦੇ ਬਾਹਰ ਸਫਾਈ ਇੰਚਾਰਜ ਰਾਕੇਸ਼ ਸੈਣੀ ਤੇ ਸੁਪਰ ਵਾਇਜਰ ਅਸ਼ਵਨੀ ਕੁਮਾਰ ਦੀ ਸਹਿਯੋਗ ਨਾਲ਼ ਸਫਾਈ ਜਾਗੁਰਤਾ ਅਭਿਆਨ ਚਲਾਇਆ ਗਿਆਂ ਤੇ ਸਰਕਾਰੀ ਇਮਾਰਤਾ ਦੇ ਆਸ ਪਾਸ ਕੂੜਾ ਕਰਕਟ ਇਕੱਤਰ ਕਰਕੇ ਸਵਸਤਾਂ ਨਾਲ਼ ਜੁੜਨ ਦਾ ਸਦੇਸ਼ ਦਿੱਤਾ ਗਿਆਂ ਇਸ ਮੌਕੇ ਪਰ ਨਿੰਦੀ ਮੰਗਿਆਲ ਜੀ ਨੇ ਕਿਹਾ ਕੇ ਜਿੱਥੇ ਸਫਾਈ ਹੈ ਉਥੇ ਖੁਦਾ ਪਰਮਾਤਮਾ ਦੀਆਂ ਰਹਿਮਤਾਂ ਹਨ ਸਫਾਈ ਰੱਖਣ ਨਾਲ਼ ਵਾਤਾਵਰਣ ਸਾਫ ਸੁਥਰਾ ਰਹਿੰਦਾ ਹੈ ਜਿਸ ਨਾਲ਼ ਬਿਮਾਰੀਆਂ ਤੋਂ ਮਨੁੱਖ ਨੂੰ ਛੁੱਟਕਾਰਾ ਮਿਲਦਾ ਸਮੇਂ ਸਮੇਂ ਪਰ ਕੇਂਦਰ ਤੇ ਪੰਜਾਬ ਸਰਕਾਰ ਸਫਾਈ ਅਭਿਆਨ ਚਲਾ ਕੇ ਲੋਕਾਂ ਨੂੰ ਸਾਫ ਸੁਥਰਾ ਜੀਵਨ ਦੇਣਾ ਚਾਹੁੰਦੀ ਹੈ ਪਰ ਉਥੇ ਸਾਡੀਆਂ ਸਭ ਦੀਆਂ ਵੀ ਦੇਸ ਦੇ ਨਾਗਰਿਕ ਹੋਣ ਦੇ ਨਾਤੇ ਜੁੰਮੇਵਾਰੀਆ ਹਨ ਅਸੀਂ ਆਪਣਾ ਆਲਾ ਦੁਆਲਾ ਸਾਫ ਸੁਥਰਾ ਰੱਖੀਏ ਤੇ ਆਸ ਪਾਸ ਰਹਿੰਦੇ ਲੋਕਾਂ ਤੇ ਖਾਸ ਕਰਕੇ ਯੂਵਾ ਪੀੜੀ ਨੂੰ ਸਫਾਈ ਅਭਿਆਨਾ ਨਾਲ਼ ਜੋੜ ਕੇ ਮੁਹਿੰਮ ਚਲਾ ਕੇ ਦੇਸ ਨੂੰ ਸਾਫ ਸੁਥਰਾ ਬਣਾਇਏ ਇਸੇ ਮੌਕੇ ਉਹਨਾਂ ਕਿਹਾ ਸ਼ਹਿਰ ਸੁਜਾਨਪੁਰ ਦੀ ਸਫਾਈ ਤੇ ਸਾਫ ਸੁਥਰਾ ਰਹਿਣ ਲਈ ਸਫਾਈ ਸੇਫਕਾਂ ਦਾ ਬਹੁਤ ਵੱਡਾ ਯੋਗ ਦਾਨ ਹੈ।

# ਮੋਗੇ ਦੀ ਸੁਪਰ ਖ਼ੂਨਦਾਨੀ ਜੋੜੀ ਨੇ ਆਪਣੀ ਵਿਆਹ ਵਰੇਗੰਢ ਖ਼ੂਨਦਾਨ ਕਰਕੇ ਮਨਾਈ

## ਦੋਨੋਂ ਪਤੀ ਪਤਨੀ 17 ਸਾਲ ਤੋਂ ਸਾਲ ਵਿੱਚ ਦੋ ਵਾਰ ਖ਼ੂਨਦਾਨ ਕਰ ਰਹੇ ਹਨ



**ਮੋਗਾ 9 ਅਕਤੂਬਰ ਆਵਾਜਿ ਕੌਮ ਬਿਊਰੋ ( ਮੋਗਾ ਟੀਮ )**-ਖ਼ੂਨਦਾਨ ਦੇ ਖੇਤਰ ਵਿੱਚ ਸਟੇਟ ਐਵਾਰਡ ਜੇਤੂ ਰਾਜਪਾਲ ਕੌਰ, ਜੋ ਕਿ ਸਿਹਤ ਵਿਭਾਗ ਮੋਗਾ ਵਿੱਚ ਬਤੌਰ ਕਮਿਊਨਿਟੀ ਹੈਲਥ ਅਫਸਰ ਵਜੋਂ ਅਤੇ ਤਾਇਨਾਤ ਹਨ ਅਤੇ ਉਨ੍ਹਾਂ ਦੇ ਪਤੀ ਪਰਮਜੀਤ ਸਿੰਘ ਜੋ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੱਤੀਆਂ ਵਿਖੇ ਡੀ ਪੀ ਦੇ ਅਹੁਦੇ ਤੇ ਤਾਇਨਾਤ ਹਨ, ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਆਪਣੀ 18ਵੀਂ ਵਿਆਹ ਵਰੇਗੰਢ ਖ਼ੂਨਦਾਨ ਕਰਕੇ ਮਨਾਈ। ਜਿਕਰਯੋਗ ਹੈ ਆਮ ਲੋਕਾਂ ਲਈ ਪ੍ਰੇਰਨਾ ਸਰੋਤ ਬਣ ਚੁੱਕੀ ਇਸ ਜੋੜੀ ਵੱਲੋਂ ਆਪੋ-ਆਪਣੇ ਜਨਮ ਦਿਨ ਮੌਕੇ ਵੀ ਖ਼ੂਨਦਾਨ ਕੀਤਾ ਜਾਂਦਾ ਹੈ ਤੇ ਵਿਆਹ ਵਰੇਗੰਢ ਵੀ ਖ਼ੂਨਦਾਨ ਕਰਕੇ ਹੀ ਮਨਾਈ ਜਾਂਦੀ ਹੈ ਅਤੇ ਜੇਕਰ ਕਿਸੇ ਲੋੜਵੰਦ ਨੂੰ ਲੋੜ ਹੋਵੇ ਤਾਂ ਉਸ ਲਈ ਵੀ ਖ਼ੂਨਦਾਨ ਕਰਦੇ ਹਨ ।ਇਸ ਮੌਕੇ ਉਨ੍ਹਾਂ ਨੂੰ ਬੈਜ ਲਗਾ ਕੇ ਸਰਟੀਫਿਕੇਟ ਦੇ ਕੇ ਸਨਮਾਨਿਤ ਕਰਨ ਉਪਰੰਤ ਰੂਰਲ ਐਨ ਜੀ ਓ ਮੋਗਾ ਦੇ ਚੀਫ ਪੈਟਰਨ ਮਹਿੰਦਰ ਪਾਲ ਲੂੰਬਾ ਨੇ ਉਨ੍ਹਾਂ ਨੂੰ ਜਨਮ ਦਿਨ ਦੀ ਵਧਾਈ ਦਿੰਦਿਆਂ ਪੰਜਾਬ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਹੋਰਨਾਂ ਲਈ ਪ੍ਰੇਰਨਾ ਸਰੋਤ ਬਣ ਚੁੱਕੀ ਇਸ ਜੋੜੀ ਨੂੰ ਸੁਪਰ ਜੋੜੀ ਦੇ ਖਿਤਾਬ ਨਾਲ ਸਨਮਾਨਿਤ ਕੀਤਾ ਜਾਵੇ ਅਤੇ ਖ਼ੂਨਦਾਨ ਲਹਿਰ ਨੂੰ ਹੁਲਾਰਾ ਦੇਣ ਲਈ ਹਰ ਜਿਲ੍ਹੇ ਵਿੱਚੋਂ ਅਜਿਹੀ ਜੋੜੀ ਦੀ ਤਲਾਸ਼ ਕਰਕੇ ਉਨ੍ਹਾਂ ਨੂੰ ਸਨਮਾਨਿਤ ਕਰਨ ਦੀ ਰਵਾਇਤ ਸ਼ੁਰੂ ਕਰਨੀ ਚਾਹੀਦੀ ਹੈ। ਇਸ ਮੌਕੇ ਮਾ ਪਰਮਜੀਤ ਸਿੰਘ ਅਤੇ ਰਾਜਪਾਲ ਕੌਰ ਨੇ ਖ਼ੂਨਦਾਨੀਆਂ ਨੂੰ ਪ੍ਰੇਰਿਤ ਕਰਦਿਆਂ ਦੱਸਿਆ ਕਿ ਖ਼ੂਨਦਾਨ ਕਰਨ ਨਾਲ ਸਰੀਰ ਵਿਚ ਕੋਈ ਕਮਜੋਰੀ ਨਹੀਂ ਆਉਂਦੀ ਬਲਕਿ ਸਰੀਰ ਪੂਰੀ ਤਰ੍ਹਾਂ ਤੰਦਰੁਸਤ ਅਤੇ ਚੁਸਤ ਦਰੁਸਤ ਰਹਿੰਦਾ ਹੈ। ਇਸ ਲਈ ਸਾਨੂੰ ਮੌਕਾ ਮਿਲ ਤੇ ਖ਼ੂਨਦਾਨ ਤੋਂ ਪਿੱਛੇ ਨਹੀਂ ਹਟਣਾ ਚਾਹੀਦਾ। ਇਸ ਮੌਕੇ ਉਕਤ ਤੋਂ ਇਲਾਵਾ ਸਮਾਜ ਸੇਵੀ ਹਰਭਜਨ ਸਿੰਘ ਬਹੋਨਾ, ਹਰਜਿੰਦਰ ਕੌਰ ਸਟਾਫ ਨਰਸ, ਗਗਨਪ੍ਰੀਤ ਸਿੰਘ ਅਤੇ ਐਲ ਟੀ ਜਸਵਿੰਦਰ ਸਿੰਘ ਆਦਿ ਵੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243


ਪੰਚਾਇਤ ਚੋਣਾਂ 2024
ਪਿੰਡ ਕੋਟ ਖਜ਼ਾਨਾ
ਸਰਪੰਚ ਉਮੀਦਵਾਰ
ਚੋਣ ਨਿਸ਼ਾਨ
ਰੁੱਖ
ਹਰਪ੍ਰੀਤ ਸਿੰਘ ਕੋਕੀ
ਪੰਚ ਉਮੀਦਵਾਰ
ਵਾਰਡ ਨੰ : 1
ਬੀਬੀ ਮਨਜੀਤ ਕੌਰ
ਚੋਣ ਨਿਸ਼ਾਨ
ਕੂਕਰ
ਵਾਰਡ ਨੰ : 2
ਬਿਕਰਮਜੀਤ ਸਿੰਘ ਬਿੱਕਾ
ਚੋਣ ਨਿਸ਼ਾਨ
ਕੈਂਚੀ
ਵਾਰਡ ਨੰ : 3
ਗੁਰਵਿੰਦਰ ਸਿੰਘ ਵਿਸ਼ਾਲ
ਚੋਣ ਨਿਸ਼ਾਨ
ਮਾਚਿਸ
ਵਾਰਡ ਨੰ : 4
ਅਵਤਾਰ ਸਿੰਘ ਬਿੱਟੂ
ਚੋਣ ਨਿਸ਼ਾਨ
ਸਿਲੰਡਰ
ਵਾਰਡ ਨੰ : 5
ਬੀਬੀ ਕਵਲਜੀਤ ਕੌਰ
ਚੋਣ ਨਿਸ਼ਾਨ
ਫੁੱਟਬਾਲ
ਪਿੰਡ ਦੇ ਵਿਕਾਸ ਤੇ ਚੰਗੇ ਭਵਿੱਖ ਲਈ 15 ਅਕਤੂਬਰ ਨੂੰ ਨੌਜਵਾਨ , ਪੜੇ ਲਿਖੇ , ਗੁਰਸਿੱਖ ਸਰਪੰਚ
ਹਰਪ੍ਰੀਤ ਸਿੰਘ ਕੋਕੀ ਦੀ ਅਗਵਾਹੀ ਵਾਲੀ ਪੰਚਾਇਤ ਨੂੰ ਆਪਣਾ ਕੀਮਤੀ ਵੋਟ ਪਾ ਕੇ ਕਾਮਯਾਬ ਕਰੋ ਜੀ